Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਮਈ 2017 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿਨ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ



ਮਈ 2017 ਦਾ ਲੁਬਾਣਾ ਸੇਵਕ ਸ਼ਹੀਦਾਂ ਦੇ ਸਿਰਮੌਰ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸਮਰਪਿਤ ਹੈ। ਗੁਰੂ ਜੀ ਨੇ 30 ਮਈ ਸੰਨ 1606 ਈਸਵੀ ਨੂੰ ਲਾਹੌਰ ਵਿਖੇ ਸ਼ਹੀਦੀ ਪ੍ਰਾਪਤ ਕਰਕੇ ਮਨੁੱਖੀ ਇਤਿਹਾਸ ਵਿਚ ਸੱਚ, ਨਿਆਂ, ਸਰਬਸਾਂਝੀਵਾਲਤਾ, ਮਨੁੱਖੀ ਏਕਤਾ ਅਤੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਾ ਨਵਾਂ ਅਧਿਆਏ ਲਿਖਿਆ। ਜਿੰਨੀ ਵੱਡੀ ਅਤੇ ਮਹਾਨ ਸ਼ਖਸੀਅਤ ਦੀ ਕੁਰਬਾਨੀ ਹੁੰਦੀ ਹੈ ਓਨੀ ਹੀ ਮਨੁੱਖਤਾ ਵਿਚ ਉਭਾਰ ਤੇ ਉਤਸ਼ਾਹ ਪੈਦਾ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਖਸੀਅਤ ਅਤੇ ਰੱਬੀ ਜਲਾਲ ਦਾ ਇਕ ਕਾਰਨ ਉਨ੍ਹਾਂ ਦਾ ਅਮੀਰ ਗੁਰੂ ਘਰ ਵਿਰਸਾ ਹੈ। ਆਪ ਜੀ ਦਾ ਜਨਮ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਬੀਬੀ ਭਾਨੀ ਜੀ ਦੀ ਕੁਖੋਂ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਆਪ ਜੀ ਨੇ ਛੋਟੀ ਉਮਰ ਵਿਚ ਹੀ ਆਪਣੇ ਨਾਨਾ ਜੀ ਗੁਰੂ ਅਰਮਦਾਸ ਜੀ, ਗੁਰੂ ਨਾਨਕ ਦੇਵ ਜੀ ਦੀ ਤੀਜੀ ਜੋਤ ਸੇਵਾ ਸਿਮਰਨ ਦੀ ਮੂਰਤ ਪਾਸੋਂ ਵਰ ਪ੍ਰਾਪਤ ਕੀਤਾ **'ਦੋਹਤਾ ਬਾਣੀ ਕਾ ਬੋਹਿਥਾ'**। ਆਪ ਜੀ ਦੀ ਪ੍ਰਤਿਭਾ, ਆਗਿਆਕਾਰਤਾ ਅਤੇ ਉੱਚੀ ਸੁਰਤਿ ਕਰਕੇ ਆਪ ਜੀ ਨੂੰ ਗੁਰਗੱਦੀ ਦੇ ਯੋਗ ਸਮਝਿਆ ਗਿਆ। 1 ਸਤੰਬਰ 1581 ਨੂੰ ਆਪ ਜੀ ਨੂੰ ਪੰਚਮ ਪਾਤਸ਼ਾਹ ਵਜੋਂ ਗੁਰਗੱਦੀ ਬਖਸ਼ੀ ਗਈ। ਪ੍ਰਿਥੀਚੰਦ ਦੀ ਸਖਤ ਵਿਰੋਧਤਾ ਨੂੰ ਆਪ ਜੀ ਨੇ ਸਹਿਣਸ਼ੀਲਤਾ ਨਾਲ ਝੱਲਿਆ ਅਤੇ ਉਸਾਰੂ ਕੰਮਾਂ ਵਿਚ ਰੁਝੇ ਰਹੇ ਅਤੇ ਛੇਤੀ ਹੀ ਸਾਰੀਆਂ ਸੰਗਤਾਂ ਦੇ ਹਰਮਨ ਪਿਆਰੇ ਹੋ ਗਏ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਗਈ ਸਰਬ-ਸਾਂਝੀਵਾਲਤਾ, ਮਨੁੱਖੀ ਭਾਈਚਾਰੇ ਦੀ ਏਕਤਾ ਅਤੇ ਪਰਸਪਰ ਪਿਆਰ ਦੀ ਜਿਉਂਦੀ ਮਿਸਾਲ ਵਜੋਂ ਪ੍ਰਫੁਲਤ ਕੀਤਾ ਜਿਸ ਦੀ ਸ਼ੋਭਾ 24 ਨਵੰਬਰ 1598 ਈ ਨੂੰ ਸ਼ਹਿਨਸਾਹ ਅਕਬਰ ਅੱਖੀਂ ਵੇਖਣ ਆਇਆ ਅਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਭੇਟਾ ਵਜੋਂ ਜਗੀਰ ਦਾ ਮਾਮਲਾ ਮੁਆਫ ਕਰ ਦਿੱਤ। ਆਪ ਜੀ ਮਨੁੱਖਤਾ ਦੀ ਸੇਵਾ ਹਿੱਤ ਸਰਬ ਸਾਂਝੇ ਅਸਥਾਨਾਂ ਦੀ ਨਿਰੰਤਰ ਸਥਾਪਨਾ ਕਰਦੇ ਰਹੇ। 1586 ਵਿਚ ਸੰਤੋਖਸਰ, 1588 ਵਿਚ ਹਰਿਮੰਦਰ ਸਾਹਿਬ, 1590 ਵਿਚ ਤਰਨਤਾਰਨ ਸਾਹਿਬ, 1593 ਈ. ਵਿਚ ਕਰਤਾਰਪੁਰ, 1595 ਵਿਚ ਛੇਹਰਟਾ ਸਾਹਿਬ ਅਤੇ 1599 ਵਿਚ ਬਾਉਲੀ ਸਾਹਿਬ ਦੀ ਸਥਾਪਨਾ ਕੀਤੀ। ਵੈਰ ਵਿਰੋਧ ਵਿਚ ਵੰਡੇ ਸਮਾਜ ਨੂੰ ਪ੍ਰਭੂ ਪਿਆਰ ਵਿਚ ਵਿਚਰਨ ਲਈ ਵਿਸ਼ੇਸ਼ ਉਦਾਹਰਣ ਇਹ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਸਰੋਵਰ ਵਿਚ ਸਵਰਨ ਮੰਦਰ ਦੀ ਸਥਾਪਤੀ ਹੈ ਜਿਸ ਦੀ ਨੀਂਹ ਇਕ ਮੁਸਲਮਾਨ ਸੂਫੀ ਫਕੀਰ 'ਮਧੀਨ ਉਲ ਸਲਾਮ' (ਮੀਆਂ ਮੀਰ) ਪਾਸੋਂ ਅਕਤੂਬਰ 1588 ਨੂੰ ਰਖਵਾਈ ਗਈ। ਹਰਿਮੰਦਰ ਸਾਹਿਬ ਦੀ ਸਿਰਜਨਾ ਵਿਚ ਹਿੰਦੂ ਤੇ ਮੁਸਲਮਾਨ ਕਲਾ ਦਾ ਸੁਮੇਲ ਹੈ। ਇਹ ਸਾਰੀ ਮਨੁੱਖਤਾ ਦਾ ਸਾਂਝਾ ਸਥਾਨ ਹੈ। ਸੰਸਾਰ ਦੇ ਪ੍ਰਸਿੱਧ ਹਰਿਮੰਦਰ, ਸਵਰਨ ਮੰਦਿਰ (Golden Temple), ਸ੍ਰੀ ਅਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੈ।

ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਮਾਣ ਵੀ ਆਪ ਜੀ ਨੇ ਸਰਬ ਮਨੁੱਖਤਾ ਦੇ ਭਲੇ ਲਈ ਕੀਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿਸ ਗੁਰੂ ਗ੍ਰੰਥ ਸਾਹਿਬ ਨੂੰ 4 ਅਕਤੂਬਰ 1708 ਈ. ਨੂੰ ਗੁਰਿਆਈ ਬਖਸ਼ ਕੇ ਸੀਸ ਨਿਵਾਇਆ। ਉਸ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨਾਂ ਦੇ ਨਾਲ ਨਾਲ ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਅੰਕਿਤ ਹੈ। ਬਿਨਾਂ ਕਿਸੇ ਜਾਤੀ ਜਾਂ ਊਚ ਨੀਚ ਦੇ ਭੇਦ ਭਾਵ ਤੋਂ ਪ੍ਰਭੂ ਭਗਤੀ ਵਿਚ ਵਲੀਨ ਭਾਰਤ ਦੇ ਅਨੇਕ ਭਗਤਾਂ ਦੀ ਬਾਣੀ ਨੂੰ ਇਕ ਮਹਾਨ ਗ੍ਰੰਥ ਵਿਚ ਸੰਪਾਦਨ ਕਰਕੇ ਭਾਰਤ ਦੀ ਖੰਡ ਖੰਡ ਹੋਈ ਮਨੁੱਖਤਾ ਨੂੰ ਇਕ ਪਿਆਰ ਲੜੀ ਵਿਚ ਪਰੋ ਦਿੱਤਾ। ਅੱਜ ਭਾਰਤ ਦਾ ਹਰ ਵਰਗ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਨੂੰ ਪੜ੍ਹ ਸੁਣ ਕੇ ਆਨੰਦ ਵਿਚ ਆ ਜਾਂਦਾ ਹੈ।

ਹਰਿਮੰਦਰ ਸਾਹਿਬ ਵਿਚ ਬੈਠ ਕੇ ਆਪ ਜੀ ਨੇ ਸਿਰੰਦੇ ਨਾਲ ਆਪ ਕੀਰਤਨ ਕੀਤਾ, ਜਿਸ ਦੀ ਧੁਨੀ ਹੁਣ ਦਿਨ ਰਾਤ ਹੋ ਰਹੇ ਹਰੀ ਕੀਰਤਨ ਰਾਹੀਂ ਸੜਦੇ-ਬਲਦੇ ਸੰਸਾਰ ਨੂੰ ਠੰਢਕ ਪਹੁੰਚਾ ਰਹੀ ਹੈ। ਸੰਸਾਰ ਵਿਚ ਪ੍ਰਸਿੱਧ ਹਰਿਮੰਦਰ ਸਾਹਿਬ, ਸਵਰਨ ਮੰਦਿਰ (Golden Temple) ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਪਰਉਪਕਾਰੀ ਅਦੁੱਤੀ ਸ਼ਖਸੀਅਤ ਸਰਬ-ਸਾਂਝੀਵਾਲਤਾਂ, ਮਨੁੱਖੀ ਭਾਈਚਾਰੇ ਦੀ ਏਕਤਾ ਪਰਸਪਰ ਪਿਆਰ ਦੀ ਪ੍ਰਤੀਕ ਬਣ ਗਈ। ਜਿੱਥੇ ਆਪ ਜੀ ਨੇ ਪਾਣੀ ਦੀ ਥੁੜ ਦੇਖੀ, ਖੂਹ ਲਵਾ ਦਿੱਤੇ ਅਤੇ ਨਵੇਂ ਕਸਬੇ ਆਬਾਦ ਕੀਤੇ। ਜਦੋਂ ਲਾਹੌਰ ਵਿਚ ਬੀਮਾਰੀ ਦੀ ਵਜ੍ਹਾ ਨਾਲ ਲੋਕ ਬਹੁਤ ਦੁਖੀ ਹੋਏ ਤਾਂ ਗੁਰੂ ਜੀ ਲਾਹੌਰ ਪਹੁੰਚੇ ਅਤੇ ਆਪਣੇ ਹੱਥੀਂ ਮਰੀਜ਼ਾਂ ਦੀ ਸੇਵਾ ਕੀਤੀ। ਕਾਲ ਦੀ ਭਿਆਨਕਤਾ ਸੁਣ ਕੇ ਅਕਬਰ ਵੀ ਲਾਹੌਰ ਪਹੁੰਚਿਆ ਅਤੇ ਗੁਰੂ ਸਾਹਿਬ ਦੀ ਅਣਥੱਕ ਸੇਵਾ ਦੇਖ ਕੇ ਸੀਸ ਝੁਕਾਇਆ ਅਤੇ ਕਿਸਾਨਾਂ ਦਾ ਮਾਮਲਾ ਮੁਆਫ ਕਰ ਦਿੱਤਾ।

ਗੁਰੂ ਜੀ ਦੇ ਪਰਉਪਕਾਰੀ ਅਤੇ ਲੋਕ ਭਲਾਈ ਦੇ ਕਾਰਜਾਂ ਕਰਕੇ ਆਪ ਜੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹਰਮਨ ਪਿਆਰੇ ਹੋ ਗਏ। ਸਿੱਖ ਲਹਿਰ ਇਕ ਲੋਕ ਲਹਿਰ ਦਾ ਰੂਪ ਧਾਰਨ ਕਰ ਗਈ। ਜਿਸ ਨੇ ਅਨੇਕਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਗੁਰੂ ਘਰ ਦੇ ਨਿਕਟ ਲੈ ਆਉਂਦਾ। ਗੁਰੂ ਘਰ ਦੀ ਸੇਵਾ, ਸਿਮਰਨ, ਪਰਉਪਕਾਰ ਦੀ ਇਹ ਲਹਿਰ ਕੱਟੜ ਸ਼ਰਈ ਮੁਸਲਮਾਨਾਂ ਅਤੇ ਮੁਲਾਣਿਆਂ ਨੂੰ ਚੁੱਭਦੀ ਸੀ। ਗੁਰੂ ਘਰ ਦੀ ਦਿਨੋ ਦਿਨ ਵੱਧ ਰਹੀ ਲੋਕਪ੍ਰਿਆ ਲਹਿਰ ਉਨ੍ਹਾਂ ਨੂੰ ਇਸਲਾਮ ਦੇ ਪ੍ਰਚਾਰ ਵਿਚ ਬਹੁਤ ਵੱਡੀ ਰੁਕਾਵਟ ਲੱਗਦੀ ਸੀ। ਇਸ ਲਈ ਉਨ੍ਹਾਂ ਨੇ ਗੁਰੂ ਘਰ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਖੁਸਰੋ ਦੀ ਬਗਾਵਤ ਸਮੇਂ ਉਨ੍ਹਾਂ ਨੂੰ ਗੁਰੂ ਘਰ ਵਿਰੁੱਧ ਇਲਜਾਮ ਲਾਉਣ ਦਾ ਸੁਨਿਹਰੀ ਮੌਕਾ ਮਿਲ ਗਿਆ। ਗੁਰੂ ਜੀ ਤੇ ਝੂਠਾ ਇਲਜਾਮ ਲਗਾਇਆ ਕਿ ਉਨ੍ਹਾਂ ਨੇ ਬਗਾਵਤ ਸਮੇਂ ਖੁਸਰੋ ਦੀ ਮਾਇਕ ਸਹਾਇਤਾ ਕੀਤੀ ਅਤੇ ਮੱਥੇ ਤਿਲਕ ਲਗਾਇਆ। ਗੁਰੂ ਜੀ ਉਪਰ ਭਾਰੀ ਜ਼ੁਰਮਾਨਾ ਲਗਾਇਆ ਗਿਆ। ਗੁਰੂ ਜੀ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੇ ਪ੍ਰਮੁੱਖ ਸਿੱਖਾਂ ਨੂੰ ਜਿਸ ਤਰ੍ਹਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਕੇ ਗੁਰੂ ਗੱਦੀ ਦੀ ਜ਼ਿੰਮੇਵਾਰੀ 15 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ ਅਤੇ ਆਪ ਸ਼ਹੀਦ ਹੋਣ ਲਈ ਤਿਆਰ ਹੋ ਗਏ। ਇਸ ਤਰ੍ਹਾਂ 1606 ਈ. ਵਿਚ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਕਿਲ੍ਹੇ ਵਿਚ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਪਰ ਜਿਸ ਮਕਸਦ ਨਾਲ ਇਨਸਾਨੀਅਤ ਦਾ ਖੂਨ ਕੀਤਾ ਗਿਆ ਉਹ ਮਕਸਦ ਪੂਰੀ ਤਰ੍ਹਾਂ ਫੇਲ ਹੋ ਗਿਆ। ਸੱਚ ਦੇ ਚੰਦਰਮਾ ਨੇ ਹੋਰ ਉਚਾਈਆਂ ਪ੍ਰਾਪਤ ਕੀਤੀਆਂ ਅਤੇ ਧਰਮਾਂ ਦੀ ਰੱਖਿਆ ਹਿੱਤ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦੇ ਨਾਲ ਮੀਰੀ ਦੀ ਤਲਵਾਰ ਦੀ ਧਾਰਨਾ ਕੀਤੀ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਪੰਨਾ ੧੪੧੨)

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
(ਪੰਨਾ ੧੧੦੨)

# ਲੁਬਾਣਾ ਸੇਵਕ

**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
S. Surinder Singh Ruby
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
Prof. Jaswant Singh Ph.d.
College Road, Begowal, Kapurthala, M.: 98724-66351
S. Parminderjit Singh Engineer (Retd.)
524, GMT Jalandhar, M.: 99153-57524
parminderjitsingh84@yahoo.com

**Outline-Editor**
S. Joginder Singh Ajaib, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.
M.: 94172-15490

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**
ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਜੂਨ - 15-6-2017 (ਵੀਰਵਾਰ)
ਜੁਲਾਈ - 16-06-2017 (ਐਤਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 63 | ਮਈ - 2017


| | | |
|---|---|---|
| 1. | ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ | 5 |
| 2. | ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ | 8 |
| 3. | ਮਈ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ | 8 |
| 4. | ਭਖਦੇ ਮਸਲੇ | 13 |
| 5. | ਭਗਤ ਧੰਨਾ ਜੀ | 15 |
| 6. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 17 |
| 7. | ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ 'ਗੁਰੂ ਲਾਧੋ ਰੇ' ਸੰਕਰਣ ਨੂੰ ਝੁਠਲਾਉਣ ਦੀ ਬੇਤੁਕੀ ਕੋਸ਼ਿਸ਼ | 19 |
| 8. | ਬਚਪਨ ਵਿਕਾਊ ਹੈ (ਕਹਾਣੀ) | 21 |
| 9. | ਛੋਲਾ ਘੱਲੂਘਾਰਾ | 23 |
| 10. | ਸਹਿਯੋਗੀ ਜਥੇਬੰਦੀਆਂ ਦੀਆਂ ਸਰਗਰਮੀਆਂ | 24 |
| 11. | ਵਧਾਈ ਸੰਦੇਸ਼ | 25 |
| 12. | ਸ਼ੋਕ ਸਮਾਚਾਰ | 26 |
| 13. | ਕਾਵਿ-ਕਿਆਰੀ | 27 |
| 14. | ਸਿਹਤ ਸੰਭਾਲ | 28 |
| 15. | Human Values and women education - A Critique | 29 |
| 16. | ਫਾਊਂਡੇਸ਼ਨ ਡੇ 'ਤੇ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ | 31 |
| 17. | ਦਾਨੀ ਸੱਜਣਾਂ ਦੀ ਸੂਚੀ | 33 |
| 18. | ਮੈਟਰੀਮੋਨੀਅਲ | 37 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

ਤੇਰਾ ਭਾਣਾ ਮੀਠਾ ਲਾਗੈ ਹਰਿ ਨਾਮ ਪਦਾਰਥੁ ਨਾਨਕ ਮਾਂਗੈ ॥

# ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
ਸੰਪਾਦਕ
98141-28181




ਪੰਚਮ ਪਾਤਸ਼ਾਹਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਇਤਿਹਾਸ ਦੇ ਪਹਿਲੇ ਸ਼ਹੀਦ ਦਾ ਦਰਜਾ ਪ੍ਰਾਪਤ ਹੈ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਸ਼ਹੀਦੀ ਇਕ ਮੁਕੰਮਲ, ਤੇ ਡੂੰਘੇ ਇਨਕਲਾਬ ਦੀ ਸ਼ੁਰੂਆਤ ਸੀ। ਮੁੱਢਲੇ ਤੌਰ ’ਤੇ ਸਿੱਖ ਧਰਮ ਦਾ ਅਧਾਰ ਕਿਰਤ ਕਰਨੀ, ਨਾਮ ਜੱਪਣਾ ਤੇ ਵੰਡ ਛੱਕਣਾ ਹੈ। ਸੇਵਾ ਤੇ ਸਿਮਰਨ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ। ਮਨੁੱਖ ਨੂੰ ਪ੍ਰਭੂ ਪਿਤਾ ਦੀ ਹੋਂਦ ਨੂੰ ਸਵੀਕਾਰਦੇ ਹੋਏ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਨ ਦਾ ਫਲਸਫਾ ਦੱਸਿਆ ਗਿਆ ਹੈ।

**ਜੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰ ਨਾ ਜੀਵੈ ਕੋਇ॥**
**ਜੇ ਜੀਵੈ ਪਤਿ ਲਥੀ ਜਾਏ॥**
**ਸਭ ਹਰਾਮ ਜੇਤਾ ਕਿਛੁ ਖਾਇ॥**

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਗੁਰੂਆਂ ਨੇ ਗੁਰਸਿੱਖ ਦਾ ਜੀਵਨ ਅਧਾਰ ਨਿਮਰਤਾ, ਪ੍ਰਭੂ ਵਡਿਆਈ, ਮਨੁੱਖ ਦੀ ਸਾਂਝੀਵਾਲਤਾ, ਸਰਬੱਤ ਦਾ ਭਲਾ ਮੰਗਣ ਦੇ ਪ੍ਰਮੁੱਖ ਅਧਾਰ ਨੂੰ ਹੀ ਮੁੱਖ ਰੱਖਿਆ। ਅਤੇ ਇਹੋ ਆਦਰਸ਼ ਅਤੇ ਅਧਾਰ ਮੁੱਖ ਤੌਰ ’ਤੇ ਸਿੱਖੀ ਦਾ ਸੰਪੂਰਨ ਅਧਾਰ ਅੱਜ ਤੱਕ ਵੀ ਬਣਿਆ ਹੋਇਆ ਹੈ। ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਘਰ ਹੋਇਆ। ਆਪ ਜੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰਾਂ ਵਿਚੋਂ ਸਭ ਤੋਂ ਛੋਟੇ ਸਨ। ਵੱਡੇ ਭਰਾ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਦੇਵ ਸਨ। ਪਿਤਾ ਗੁਰੂ ਦੀ ਪਾਰਖੂ ਅੱਖ ਨੇ ਬਾਲਕ ਅਰਜਨ ਦੇਵ ਜੀ ਦੀ ਸਿਆਣਪ ਤੇ ਕਾਬਲੀਅਤ ਨੂੰ ਉਹਨਾਂ ਦੇ ਬਚਪਨ ਵਿਚ ਹੀ ਪਰਖ ਲਿਆ ਸੀ। ਇਥੋਂ ਤੱਕ ਕੇ ਨਾਨਾ ਗੁਰੂ ਅਮਰਦਾਸ ਜੀ ਨੇ ‘ਦੋਹਤਾ ਬਾਣੀ ਕਾ ਬੋਹਿਥਾ’ ਕਹਿ ਕੇ ਆਉਣ ਵਾਲੇ ਸਮੇਂ ਦੇ ਇਕ ਮਹਾਨ ਰਚਨਕਾਰ ਨੂੰ ਅਸ਼ੀਰਵਾਦ ਵੀ ਦੇ ਦਿੱਤਾ ਸੀ। ਜਿਸ ਤੇ ਪੰਜਵੇਂ ਗੁਰੂ ਪੂਰੇ ਭੀ ਉਤਰੇ। ਬਾਬਾ ਪ੍ਰਿਥੀ ਚੰਦ ਇਕ ਦੁਨਿਆਵੀ ਲਾਲਸਾ ਰੱਖਣ ਵਾਲੇ ਵਿਅਕਤੀ ਸਨ। ਗੁਰੂ ਰਾਮਦਾਸ ਜੀ ਵੱਲੋਂ ਗੁਰੂ ਅਰਜਨ ਦੇਵ ਨੂੰ ਗੁਰਗੱਦੀ ਦੇਣ ਕਾਰਨ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਵਿਰੋਧਤਾ ਵੱਸ ਗੁਰੂ ਜੀ ਨੂੰ ਕਈ ਵਾਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵੀ ਕੀਤੀ। ਪ੍ਰੰਤੂ ਗੁਰੂ ਰਾਮਦਾਸ ਜੀ ਦੀ ਚੋਣ ਬਿਲਕੁਲ ਗੁਰੂ ਨਾਨਕ ਦੇ ਆਸ਼ੇ ਤੇ ਪੂਰੀ ਸੀ, ਇਸ ਗੱਲ ਨੂੰ ਗੁਰੂ ਅਰਜਨ ਦੇਵ ਜੀ ਨੇ ਸਾਬਤ ਵੀ ਕੀਤਾ। ਆਪ ਜੀ ਦੀ ਸ਼ਾਦੀ ਮਿਤੀ 19 ਜੂਨ 1589 ਨੂੰ ਫਿਲੌਰ ਦੇ ਨਜ਼ਦੀਕ ਪਿੰਡ ਮੌ ਵਿਚ ਭਾਈ ਕਿਸ਼ਨ ਚੰਦ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਈ। ਆਪ ਜੀ ਦੀ ਇਕੋ ਇਕ ਔਲਾਦ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਜੀ ਸਨ। ਆਪ ਜੀ ਨੇ ਗੁਰੂ ਰਾਮਦਾਸ ਜੀ ਦੁਆਰਾ ਵਸਾਏ ਨਗਰ ਚੱਕ ਰਾਮ ਦਾਸ ਵਿਚ ਉਹਨਾਂ ਵੱਲੋਂ ਸ਼ੁਰੂ ਕਰਵਾਏ ਗਏ ਪਵਿੱਤਰ ਸਰੋਵਰ ਦੀ ਖੁਦਾਈ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਸੰਪੂਰਨ ਕਰਵਾਈ। ਨਾਂ ਕੋ ਹਿੰਦੂ, ਨਾ ਮੁਸਲਮਾਨ ਦੇ ਸਿਧਾਂਤ ਅਧੀਨ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਨੀਂਹ ਇਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਹਰਿਮੰਦਰ ਦੇ ਚਾਰੋਂ ਪਾਸੇ ਖੁਲ੍ਹਣ ਵਾਲੇ ਚਾਰ ਦਰਵਾਜ਼ੇ ਲਗਵਾਏ ਗਏ, ਜੋ ਹਰ ਧਰਮ, ਜਾਤੀ ਨੂੰ ਬਰਾਬਰਤਾ ਨਾਲ ਦੇਖਣ ਦੀ ਇਕ ਲਾਮਿਸਾਲ ਸ਼ੁਰੂਆਤ ਸੀ। ਸਰਬ ਸਾਂਝੀਵਾਲਤਾ ਦੇ ਪ੍ਰਤੀਕ ਇਸ ਮੰਦਿਰ ਨੂੰ ਬਾਹਰਲੀ ਸੜ੍ਹਾ ਨਾਲੋਂ ਨੀਵਾਂ ਰੱਖ ਕੇ ਨਿਮਰਤਾ ਵਿਚ ਰਹਿ ਕੇ ਪ੍ਰਭੂ ਪਿਤਾ ਪ੍ਰਮਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਬੇਜੋੜ ਸੋਮਾ ਬਣਾ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਨੂੰ ਸਹੀ ਸਰੂਪ ਵਿਚ ਸੰਭਾਲਣਾ ਵੀ ਇਕ ਵਿਸ਼ੇਸ਼ ਚੁਣੌਤੀ ਸੀ। ਕਿਉਂਕਿ ਇਸ ਵਿਚ ਕੁਝ ਸ਼ਰਾਰਤੀ ਲੋਕਾਂ ਵੱਲੋਂ ਕੱਚੀ ਬਾਣੀ ਦੀ ਰਲਗੱਡਤਾ ਕੀਤੀ ਜਾ ਰਹੀ ਸੀ। ਇਸ ਸਮੁੱਚੇ ਖਜ਼ਾਨੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣਾ ਬਹੁਤ ਜ਼ਰੂਰੀ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਕਾਰਜ ਦੀ ਪ੍ਰਰੰਭਤਾ ਕਰਕੇ ਇਸ ਵਿਚ ਜਿਥੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਸੰਕਲਨ ਕੀਤੀ, ਉਥੇ ਉਹਨਾਂ ਆਪਣੀ ਉਚਾਰੀ ਬਾਣੀ ਨੂੰ ਵੀ ਸੰਕਲਨ ਕਰਕੇ ਅਤੇ ਗੁਰੂ ਮੱਤ, ਗੁਰੂ ਆਸ਼ੇ ਅਤੇ ਇਕ



ਪਰਮ ਪਿਤਾ ਪ੍ਰਮਾਤਮਾ ਦੇ ਸੰਕਲਪ ਵਿਚ ਵਿਸ਼ਵਾਸ ਰੱਖਣ ਵਾਲੇ, ਪੁਰਾਤਣ ਅਤੇ ਸਮਕਾਲੀ ਪ੍ਰਭੂ ਪਿਆਰਿਆਂ ਦੀ ਬਾਣੀ ਨੂੰ ਵੀ ਇਕੱਤਰ ਕਰਕੇ, ਸਮੁੱਚੀ ਬਾਣੀ ਦੀ ਇਕ ਜਗ੍ਹਾ ਸੰਪਾਦਨਾ ਕਰਕੇ ਪਵਿੱਤਰ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਸ ਵਿਚ ਭਾਈ ਗੁਰਦਾਸ ਜੀ ਨੇ ਆਪ ਜੀ ਦੀ ਮੱਦਦ ਕੀਤੀ। ਆਦਿ ਗ੍ਰੰਥ ਸਾਹਿਬ ਵਿਚ ਆਪ ਵੱਲੋਂ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਤਿੰਨ ਗੁਰਸਿੱਖਾਂ ਦੀ ਬਾਣੀ ਨੂੰ ਸ਼ਾਮਲ ਕੀਤਾ ਗਿਆ। ਆਪ ਜੀ ਨੇ ਕਰਤਾਰਪੁਰ, ਸ੍ਰੀ ਹਰਿਗੋਬਿੰਦਪੁਰ ਅਤੇ ਤਰਨਤਾਰਨ ਨਗਰ ਵੀ ਵਸਾਏ। ਲਾਹੌਰ ਵਿਚ ਇਕ ਬਾਉਲੀ ਵੀ ਤਿਆਰ ਕਰਵਾਈ।

ਗੁਰਸਿੱਖੀ ਦੇ ਪ੍ਰਚਾਰ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਣਾਲੀ ਸ਼ੁਰੂ ਕਰਵਾਈ ਹੋਈ ਸੀ। ਦੂਰ-ਦੁਰਾਡੇ ਵੱਸਦੇ ਸਿੱਖਾਂ ਤੋਂ ਗੁਰੂ ਘਰ ਲਈ ਦਸਵੰਧ ਇਕੱਠਾ ਕਰਨ ਲਈ ਗੁਰੂ ਜੀ ਨੇ ਮਸੰਦਾਂ ਦੇ ਰੂਪ ਵਿਚ ਆਪਨੇ ਨੁਮਾਇੰਦੇ ਨਿਯੁਕਤ ਕੀਤੇ ਹੋਏ ਸਨ। ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਣਾਲੀ ਨੂੰ ਹੋਰ ਮਜਬੂਤ ਕੀਤਾ। ਗੁਰੂ ਘਰ ਦੀਆਂ ਇਮਾਰਤਾਂ ਅਤੇ ਲੰਗਰਾਂ ਲਈ ਗੁਰੂ ਸੰਗਤ ਆਪਨਾ ਦਸਵੰਧ ਕੱਢ ਕੇ ਮਸੰਦਾਂ ਦੇ ਹੱਥੀਂ ਗੁਰੂ ਘਰ ਭੇਜਦੇ ਸਨ। ਇਸ ਤਰ੍ਹਾਂ ਕਰਨ ਨਾਲ ਗੁਰੂ ਘਰ ਦੀ ਆਮਦਨੀ ਵਿਚ ਵੀ ਕਾਫੀ ਵਾਧਾ ਹੋਇਆ।

ਗੁਰੂ ਅਰਜਨ ਦੇਵ ਜੀ ਵੇਲੇ ਉਹਨਾਂ ਦੀ ਕਰਿਸ਼ਮਾਈ ਸ਼ਖ਼ਸੀਅਤ, ਨਿਮਰਤਾ ਅਤੇ ਆਮ ਲੋਕਾਈ ਲਈ ਕੀਤੇ ਭਲਾਈ ਕੰਮਾਂ ਕਰਕੇ ਗੁਰੂ ਨਾਨਕ ਦੇ ਘਰ ਦੀ ਚਾਰੇ ਪਾਸੇ ਬਹੁਤ ਵਡਿਆਈ ਹੋ ਰਹੀ ਸੀ। ਸੰਗਤਾਂ ਵਿਚ ਭਾਰੀ ਵਾਧਾ ਹੋ ਰਿਹਾ ਸੀ। ਗੁਰੂ ਜੀ ਦਾ ਮਨੁੱਖਤਾ ਲਈ ਸ਼ਾਂਤੀ ਅਤੇ ਭਲਾਈ ਦਾ ਸੁਨੇਹਾ ਮੁਗ਼ਲ ਹਕੂਮਤ ਦੇ ਜ਼ੁਲਮਾਂ ਤੋਂ ਸਤਾਈ ਆਮ ਲੋਕਾਈ ਵਿਚ ਸੀਤਲਤਾ ਵਰਤਾ ਰਿਹਾ ਸੀ। ਇਲਾਕੇ ਦੀ ਆਮ ਜਨਤਾ ਤੋਂ ਇਲਾਵਾ ਮਾਝੇ ਦੇ ਵੱਡੇ-ਵੱਡੇ ਚੌਧਰੀ ਗੁਰੂ ਘਰ ਦੇ ਨਜ਼ਦੀਕ ਆ ਰਹੇ ਸਨ। ਇਹਨਾਂ ਵਿਚ ਵਿਸ਼ੇਸ਼ ਕਰਕੇ ਝਬਾਲ ਦਾ ਢਿਲੋਂ ਚੌਧਰੀ ਲੰਗਾਂਹਾ, ਤਰਨਤਾਰਨ ਦਾ ਚੌਧਰੀ ਅਮਰੀਕਾ ਅਤੇ ਪਿੰਡ ਕੰਗਮਾਈ ਦਾ ਭਾਈ ਮੰਜ ਸੀ। ਗੁਰੂ ਘਰ ਨਾਲ ਸਾਰੀਆਂ ਕੌਮਾਂ ਅਤੇ ਗੋਤਾਂ ਦੇ ਲੋਕ ਧੜਾਧੜ ਜੁੜ ਰਹੇ ਸਨ। ਗੁਰੂ ਸਾਹਿਬ ਨੇ ਜਿਥੇ ਕਈ ਨਵੇਂ ਨਗਰ ਵਸਾਏ, ਉਥੇ ਕਈ ਜਗ੍ਹਾ ਤੇ ਪਾਣੀ ਪੀਣ ਲਈ ਖੂਹ ਖੁਦਵਾਏ। ਮਾਝਾ, ਮਾਲਵਾ, ਦੁਆਬਾ ਅਤੇ ਨੱਕਾ ਦੇ ਇਲਾਕੇ ਵਿਚ ਸਿੱਖੀ ਬਹੁਤ ਪ੍ਰਫੁਲਤ ਹੋ ਰਹੀ ਸੀ। ਇਹਨਾਂ ਵਿਚ ਹਿੰਦੂਆਂ ਦੇ ਨਾਲ-ਨਾਲ ਮੁਸਲਮਾਨਾਂ ਦੀ ਵੀ ਕਾਫੀ ਗਿਣਤੀ ਸੀ। ਇਸ ਦਾ ਜ਼ਿਕਰ ਮੁਗਲ ਬਾਦਸ਼ਾਹ ਨੇ ਆਪਨੀ ਜੀਵਨੀ ਪੁਸਤਕ 'ਤੁਜਕੇ ਜਹਾਂਗੀਰੀ' ਵਿਚ ਵੀ ਕੀਤਾ ਹੈ। ਭਾਵੇਂ ਪੰਜਾਬ ਵਿਚ ਵਸਦੇ ਲੋਕ ਇਹਨਾਂ ਕਾਰਜਾਂ ਕਰਕੇ ਬਹੁਤ ਖੁਸ਼ ਸਨ ਪ੍ਰੰਤੂ ਦਿੱਲੀ ਵਿਚ ਬੈਠੇ ਹਾਕਮਾਂ ਨੂੰ ਇਹ ਸਭ ਚੰਗਾ ਨਹੀਂ ਲੱਗ ਰਿਹਾ ਸੀ।

ਗੁਰੂ ਘਰ ਦੀ ਵੱਧਦੀ ਸ਼ੋਭਾ ਨੂੰ ਦੋਖੀਆਂ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਸੀ। ਉਨ੍ਹਾਂ ਨੇ ਆਪਨੀਆਂ ਕੋਝੀਆਂ ਚਾਲਾਂ ਨਾਲ ਮੁਗਲ ਹਾਕਮਾਂ ਦੇ ਗਲਤ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਸ ਵਿਚ ਮੁੱਖ ਤੌਰ 'ਤੇ ਲਾਹੌਰ

ਦਰਬਾਰ ਦਾ ਮਾਲੀਆ ਅਧਿਕਾਰੀ ਅਤੇ ਰਸੂਖਦਾਰ ਹਿੰਦੂ ਨੇਤਾ ਚੰਦੂ ਸੀ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਦੇ ਸਪੁੱਤਰ ਬਾਲ ਹਰਿਗੋਬਿੰਦ ਲਈ ਭੇਜਿਆ ਸੀ। ਜਿਸਨੂੰ ਚੰਦੂ ਦੇ ਮਾੜੇ ਕਿਰਦਾਰ ਕਾਰਨ ਗੁਰੂ ਸਿੱਖਾਂ ਵੱਲੋਂ ਨਾ ਪਸੰਦ ਕਰਨ ਕਾਰਨ ਗੁਰੂ ਜੀ ਨੇ ਨਾਮਨਜ਼ੂਰ ਕਰ ਦਿੱਤਾ ਸੀ। ਉਸ ਨੇ ਆਪਣੀ ਇਸ ਬੇਇਜ਼ਤੀ ਦਾ ਬਦਲਾ ਲੈਣ ਲਈ ਗੁਰੂ ਘਰ ਦੇ ਖਿਲਾਫ ਮੁਗਲ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਜਹਾਂਗੀਰ ਆਪਣੇ ਪੁੱਤਰ ਖੁਸਰੋ ਦੀ ਬਗਾਵਤ ਵੇਲੇ, ਖੁਸਰੋ ਵੱਲੋਂ ਆਗਰੇ ਤੋਂ ਲਾਹੌਰ ਜਾਂਦਿਆਂ ਗੁਰੂ ਘਰ ਵਿਚ ਲਈ ਪਨਾਹ ਅਤੇ ਗੁਰੂ ਜੀ ਵੱਲੋਂ ਉਸ ਨੂੰ ਦਿੱਤੇ ਅਸ਼ੀਰਵਾਦ ਦੀ ਖ਼ਬਰ ਤੋਂ ਪਹਿਲਾਂ ਹੀ ਬਹੁਤ ਨਰਾਜ਼ ਸੀ। ਜਹਾਂਗੀਰ ਨੇ ਆਪਣੀ ਜੀਵਨੀ 'ਤੁਜਕੇ ਜਹਾਂਗੀਰੀ' ਵਿਚ ਖੁਦ ਲਿਖਿਆ ਹੈ।

**''ਗੋਇੰਦਵਾਲ ਵਿਚ, ਜੋ ਕਿ ਦਰਿਆ ਬਿਆਸ ਦੇ ਕੰਢੇ ਤੇ ਹੈ, ਵਿਚ ਇਕ ਅਰਜਨ ਨਾਮੀ ਹਿੰਦੂ ਨੇ ਸੰਤਪੁਣੇ ਅਤੇ ਪਵਿੱਤਰਤਾ ਦਾ ਚੋਲਾ ਪਹਿਨ ਕੇ ਭੋਲੇ ਭਾਲੇ ਕੁਝ ਹਿੰਦੂਆਂ ਅਤੇ ਇਥੋਂ ਤੱਕ ਕੇ ਕੁਝ ਪਾਗਲ ਅਤੇ ਅਨਜਾਣ ਮੁਸਲਮਾਨਾਂ ਨੂੰ ਵੀ ਆਪਣੇ ਤੌਰ ਤਰੀਕਿਆਂ ਨਾਲ ਆਪਣੇ ਪਿਛੇ ਲਗਾਇਆ ਹੋਇਆ ਸੀ ਜੋ ਕਿ ਉੱਚੀ-ਉੱਚੀ ਉਸ ਦੀ ਪਵਿੱਤਰਤਾ ਦੀ ਡੋਡੀਂ ਪਿਟਦੇ ਹਨ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੇ ਪਾਸਿਆਂ ਤੋਂ ਲੋਕ ਉਸ ਵਿਚ ਯਕੀਨ ਕਰਨ ਅਤੇ ਉਸ ਦੀ ਪੂਜਾ ਕਰਨ ਲਈ ਇਕੱਠੇ ਹੁੰਦੇ ਹਨ। ਪਿਛਲੀਆਂ ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਹਨਾਂ ਨੇ ਆਪਣੀ ਇਹ ਦੁਕਾਨ ਗਰਮ ਕੀਤੀ ਹੋਈ ਹੈ। ਕਈ ਵਾਰ ਮੇਰੇ ਜਿਹਨ ਵਿਚ ਆਇਆ ਕਿ ਮੈਂ ਉਸ ਦੇ ਇਸ ਫਜ਼ੂਲ ਕਾਰਜ ਨੂੰ ਰੋਕ ਦੇਵਾਂ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲੈ ਆਵਾਂ।''**

ਚੰਦੂ, ਸ਼ੇਖ ਅਹਿਮਦ ਸਰਹੰਦੀ, ਨਕਸ਼ਬੰਦੀਆਂ ਅਤੇ ਹੋਰ ਗੁਰੂ ਦੋਖੀਆਂ ਦੀਆਂ ਕੋਝੀਆਂ ਚਾਲਾਂ ਅਤੇ ਚੁਗਲੀਆਂ ਦਾ ਆਖਰ ਮੁਗਲ ਬਾਦਸ਼ਾਹ ਤੇ ਅਸਰ ਹੋਇਆ ਤਾਂ ਜਹਾਂਗੀਰ ਨੇ ਚੰਗੇਜੀ ਕਾਨੂੰਨ ਵਿਚ ਸ਼ਾਮਲ ਯਾਸਾ-ਏ-ਸਿਆਸਤ ਅਧੀਨ ਸਖ਼ਤ ਸਜ਼ਾ ਦੇ ਕੇ ਗੁਰੂ ਜੀ ਨੂੰ ਮੌਤ ਦੇ ਘਾਟ ਉਤਾਰਨ ਦਾ ਹੁਕਮ ਦੇ ਕੇ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ।

ਚੰਦੂ ਵੱਲੋਂ ਗੁਰੂ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਤੱਤੀ ਤਵੀ 'ਤੇ ਬਿਠਾਇਆ ਗਿਆ, ਸਿਰ ਵਿਚ ਬਲਦੀ ਰੇਤ ਪਾਈ ਗਈ, ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਗਿਆ। ਗਾਂ ਦੀ ਖੱਲ ਵਿਚ ਲਪੇਟ ਕੇ ਸੀਉਣ ਦੀ ਗੱਲ ਆਖੀ ਗਈ। ਗੁਰੂ ਜੀ ਅਡੋਲ ਅਤੇ ਸ਼ਾਂਤ ਰਹੇ। ਮੁਖੋਂ ਉਚਾਰਿਆ -

**ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥**
**ਸੰਗੀ ਸਾਥੀ ਸਗਲ ਤਰਾਂਈ ॥**
**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥**
**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥ ਰਹਾਉ ॥**
**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕ ਮਾਂਗੈ ॥੨॥੪੨॥੯੩**

ਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਦੀ ਇੱਛਾ ਜਾਹਿਰ ਕੀਤੀ ਤੇ ਰਾਵੀ ਵਿਚ ਇਸ਼ਨਾਨ ਕਰਦੇ ਜੂਨ 1606 ਈ. ਵਿਚ ਜੋਤੀ ਜੋਤ ਸਮਾ ਗਏ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨੁੱਖਤਾ ਦੀ ਭਲਾਈ ਲਈ ਸੀ। ਇਹ ਇਕ ਮਹਾਨ ਸ਼ਹੀਦੀ ਸੀ। ਧਰਮ ਦੀ ਖਾਤਰ ਕਿਸੇ ਮਹਾਂਪੁਰਖ ਵੱਲੋਂ ਦਿੱਤੀ ਇਹ ਪਹਿਲੀ ਸ਼ਹੀਦੀ ਸੀ। ਇਸੇ ਲਈ ਉਹਨਾਂ ਨੂੰ ਸ਼ਹੀਦਾਂ ਦਾ ਸਿਰਤਾਜ ਕਿਹਾ ਜਾਂਦਾ ਹੈ। ਉਹਨਾਂ ਨੇ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਸਰੀਰ ਤੇ ਮਿਲੇ ਅਕਿਹ ਅਤੇ ਅਸਿਹ ਕਸ਼ਟ ਮਨੁੱਖਤਾ ਲਈ ਆਪਣੇ ਪਿੰਡੇ ਤੇ ਝੱਲ ਲਏ। ਉਹਨਾਂ ਦੇ ਸ਼ਹੀਦੀ ਪੁਰਵ ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਵੀ ਆਪਣਾ ਜੀਵਨ ਗੁਰੂ ਆਸ਼ੇ ਵਿਚ ਰਹਿ ਕੇ ਗੁਰਮਤਿ ਅਨੁਸਾਰ ਬਿਤਾਈਏ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

ਸ਼ਕਤੀ ਹੁੰਦਿਆਂ ਸ਼ਹਿਣਸ਼ਕਤੀ ਦੀ ਮਿਸਾਲ

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ



ਪਿਛਲੇ ਦਿਨਾਂ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਦੇਸ਼-ਵਿਦੇਸ਼ ਵਿਚ ਤਕਰੀਬਨ ਹਰ ਗੁਰਦੁਆਰਾ ਸਾਹਿਬ ਵਿਚ ਆਪਣੀ-ਆਪਣੀ ਯਥਾਸ਼ਕਤੀ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਗੁਰਦੁਆਰਾ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸੋਸ਼ਲ ਸੁਸਾਇਟੀਆਂ ਵੱਲੋਂ ਗੁਰਮਤਿ ਸਮਾਗਮ, ਗੁਰਬਾਣੀ ਕੀਰਤਨ, ਛਬੀਲਾਂ, ਲੰਗਰ ਲਾ ਕੇ ਸ਼ਹੀਦੀ ਦਿਵਸ ਮਨਾਇਆ ਗਿਆ ਅਤੇ ਮਨਾਇਆ ਜਾ ਰਿਹਾ ਹੈ।

ਪੰਚਮ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਆਗਿਆਕਾਰ, ਹੋਣਹਾਰ, ਲਾਡਲੇ ਸਪੁੱਤਰ, ਬਾਣੀ ਕੇ ਬੋਹਿਤ (ਦੋਹਤਾ ਬਾਣੀ ਦਾ ਬੋਹਤਾ) ਆਪਣੇ ਵੱਡਿਆਂ ਤੋਂ ਇਹ ਖਿਤਾਬ ਲੈਣ ਵਾਲੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (ਤਰਤੀਬ) ਕਰਨ ਵਾਲੇ ਨਿਡਰ ਗੁਰੂ, ਜਾਤ-ਪਾਤ ਅਤੇ ਊਚ-ਨੀਚ ਦਾ ਭਿੰਨ ਭੇਦ ਮਿਟਾਉਣ ਵਾਲੇ ਇਨਕਲਾਬੀ ਸਮਾਜ ਸੁਧਾਰਕ, ਬ੍ਰਹਮਗਿਆਨੀ, ਨਿਮਰਤਾ ਦੇ ਪੁੰਜ, ਵੱਖ-ਵੱਖ ਰਾਗ ਰਾਗਣੀਆਂ ਅਤੇ ਸ਼ਾਸ਼ਤਰੀ ਸੰਗੀਤ ਦਾ ਗਿਆਨ ਰੱਖਣ ਵਾਲੇ ਅਤੇ ਮਹਾਨ ਤਪੱਸ਼ਵੀ ਹੋਏ ਹਨ, ਜਿਨ੍ਹਾਂ ਦੇ ਤੁਲ ਜੱਗ ਵਿਚ ਕੋਈ ਮਿਸਾਲ ਨਹੀਂ ਮਿਲਦੀ।


**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**




ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸਾਡੇ ਸਮਾਜ ਨੂੰ ਸਾਰੀ ਮਨੁੱਖਤਾ ਨੂੰ ਅਗਰ ਦੇਣ ਜਾਂ ਬਖਸ਼ਿਸ ਦਾ ਜ਼ਿਕਰ ਕਰੀਏ ਤਾਂ ਉਨ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਅਤੇ ਹੋਰ ਤਿੰਨ ਗੁਰੂ ਸਾਹਿਬਾਨ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਊਚ-ਨੀਚ ਤੇ ਜਾਤ-ਪਾਤ ਦੇ ਭੇਦ ਨੂੰ ਮਿਟਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਨਾਹਰਾ ਬੁਲੰਦ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 1604 ਈ. 'ਚ ਸੰਪਾਦਨਾ ਵੇਲੇ 15 ਭਗਤ ਸਾਹਿਬਾਨ ਅਤੇ 11 ਤੇ ਤਿੰਨ ਨਿਕਟਵਰਤੀ ਭੱਟਾਂ ਨੂੰ ਬਰਾਬਰ ਦਾ ਦਰਜਾ ਦੇ ਇਕ ਸੁੱਚਾ ਅਤੇ ਉਚਾ ਤੇ ਉਤਕ੍ਰਿਸ਼ਟ ਕਾਰਜ ਹੀ ਨਹੀਂ ਕੀਤਾ ਸਗੋਂ 'ਸਭੇ ਸਾਂਝੀਵਾਲ ਸਦਾਇਣ ਕੋਈ ਨਾ ਡਿਠੈ ਬਾਹਰਾ ਜੀਉ' ਦਾ ਉਪਦੇਸ਼ ਦੇ ਕੇ ਸਾਰੀ ਮਨੁੱਖਤਾ ਨੂੰ ਇਕ ਲੜੀ 'ਚ ਪਰੋਣ ਦਾ ਖਾਸ ਉਪਰਾਲਾ ਜ਼ਿਕਰਯੋਗ ਹੈ। ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ 1588 ਈ. 'ਚ ਉਸ ਵਕਤ ਦੇ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਤੋਂ ਨੀਂਹ ਪੱਥਰ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਰੱਖ ਇਹ ਵੀ ਉਪਦੇਸ਼ ਦਿੱਤਾ ਕਿ 'ਉਪਦੇਸ ਚਹੁੰ ਵਰਣਾ ਕੋ ਸਾਂਝਾ'।

ਮੈਂ ਅੱਜ ਇਥੇ ਜ਼ਿਕਰ ਕਰ ਦਿਆਂ ਕਿ ਸਿੱਖ ਧਰਮ, ਸਿੱਖ ਫਲਸਫ਼ਾ, ਸਿੱਖਇਜ਼ਮ ਨਾ ਹੀ ਪਹਿਲਾਂ ਅਤੇ ਨਾ ਹੀ ਅੱਜ, ਇਸਲਾਮ ਦੇ ਖਿਲਾਫ਼ ਸੀ। ਅਗਰ ਲੜਾਈ ਸੀ ਤਾਂ ਸਿਰਫ਼ ਜ਼ਬਰ ਅਤੇ ਜ਼ੁਲਮ ਦੇ ਖਿਲਾਫ਼ ਲੜਾਈ ਸੀ। ਇਸ ਦੀਆਂ ਅਨੇਕਾਂ ਮਿਸਾਲਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦੱਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਮਿਲਦੀਆਂ ਹਨ। ਤੁਸੀਂ ਗਿਆਨੀ ਭਜਨ ਸਿੰਘ ਜੀ ਦੇ ਕਈ ਧਾਰਮਕ-ਇਤਿਹਾਸਕ ਨਾਵਲ ਪੜ੍ਹ ਕੇ ਵੀ ਵੇਖੋ। ਸਿੱਖ ਧਰਮ ਦੀ ਜੱਗ ਤੇ ਕੋਈ ਵਿਲੱਖਣ ਮਿਸਾਲ ਨਹੀਂ ਮਿਲਦੀ। ਸਿੱਖ ਫ਼ਲਸਫ਼ਾ ਬਹੁਤ ਹੀ ਗਹਿਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਕਤ ਧਾਰਮਕ ਨਿਰਪੱਖਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਜਦੋਂ ਪੰਚਮ ਪਿਤਾ ਜੀ ਨੇ ਉਸ ਵਕਤ ਦੇ ਸੂਫ਼ੀ ਸੰਤ ਮੀਆਂ ਮੀਰ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰਖਵਾਇਆ ਤੇ ਚਾਰ ਦਰਵਾਜ਼ੇ ਰੱਖ ਕੇ 'ਉਪਦੇਸ ਚਹੁੰ ਵਰਨਾ ਕੋ

ਸਾਂਝਾ' ਦੇ ਕੇ ਸਾਂਝੀਵਾਲਤਾ ਦੀ ਰੀਤ ਚਲਾਈ। ਭਗਤ ਫਰੀਦ ਜੀ, ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚਾ ਤੇ ਸੁੱਚਾ, ਬਰਾਬਰ ਦਾ ਦਰਜਾ ਦੇਣਾ ਕਈ ਤਰ੍ਹਾਂ ਦੀਆਂ ਅਲੌਕਿਕ ਮਿਸਾਲਾਂ ਮਿਲਦੀਆਂ ਹਨ।




ਇਹ ਉਹੀ ਸੰਤ ਮੀਆਂ ਮੀਰ ਜੀ ਸਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ (ਸ਼ਾਦੀ) 20 ਹਾੜ ਸੰਨ 1646 ਈ. 'ਚ ਸ਼ਰੀਕ ਹੋ ਕੇ ਉਹਨਾਂ ਦੀ ਬਰਾਤੇ ਜ਼ਿਲ੍ਹਾ ਜਲੰਧਰ 'ਚ ਪੈਂਦੇ ਪਿੰਡ ਮੌਅ ਸਾਹਿਬ ਸਮੂੰਹ ਸੰਤ ਮੰਡਲੀ ਲੈ ਕੇ ਗਏ ਸਨ ਜਿਨ੍ਹਾਂ 'ਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਬਾ ਸੰਗ ਜੀ ਅਤੇ ਬਹੁਤ ਸਾਰੇ ਸੰਤ ਫ਼ਕੀਰ ਸ਼ਾਮਲ ਹੋਏ ਸਨ। ਲਾਵਾਂ ਬਾਬਾ ਬੁੱਢਾ ਜੀ ਨੇ ਪੜ੍ਹੀਆਂ। ਵਿਆਹ ਦੇ ਛੰਦ ਵੀ ਗੁਰੂ ਜੀ ਨੇ ਆਪ ਉਚਾਰੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1361 ਤੇ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਕੀ ਪੁੱਤਰਾਂ ਨਾਲੋਂ ਬਹੁਤ ਹੀ ਆਗਿਆਕਾਰ ਸਪੁੱਤਰ ਸਨ। ਇਥੇ ਮੈਂ ਥੋੜ੍ਹਾ ਜਿਹਾ ਜ਼ਿਕਰ ਬੜੀ ਹੀ ਸਤਿਕਾਰਯੋਗ ਸ਼ਖ਼ਸ਼ੀਅਤ ਬਾਬਾ ਬੁੱਢਾ ਜੀ ਦਾ ਕਰਨਾ ਚਾਹਾਂਗਾ ਜਿਨ੍ਹਾਂ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਜੀ ਤੱਕ ਸੇਵਾ ਵੀ ਕੀਤੀ ਅਤੇ ਨੇੜੇ ਹੋ ਕੇ ਸੰਗਤ ਵੀ ਹਾਸਲ ਕੀਤੀ। ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦੀ ਬਖ਼ਸ਼ਿਸ਼ ਉਹਨਾਂ ਦੇ ਮੁਖਾਰਬਿੰਦ 'ਚੋਂ ਹੋਈ ਸੀ। ਉਮਰ ਦਾ ਕਾਫੀ ਤਜ਼ਰਬਾ ਸੀ ਤੇ ਉਹਨਾਂ ਦੀ ਉਮਰ ਵੀ ਤਕਰੀਬਨ 125 ਸਾਲ ਦੇ ਕਰੀਬ ਹੋਈ।

ਉਹਨਾਂ ਦੇ ਨੇਕ ਸੁਭਾਅ ਅਤੇ ਨਿਮਰਤਾ ਦੇ ਪੁੰਜ ਹੋਣ ਦੀਆਂ ਕਈ ਮਿਸਾਲਾਂ ਉਹਨਾਂ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਹਨ ਮਿਲਦੀਆਂ ਹਨ। ਲਾਹੌਰ 'ਚ ਆਪਣੇ ਪਿਤਾ ਜੀ ਦੇ ਕਹਿਣ ਮੁਤਾਬਕ ਜਦ ਉਹ ਸ਼ਾਦੀ ਤੇ ਗਏ। ਜੋ ਚਿੱਠੀਆਂ ਦੇ ਰੂਪ ਵਿਚ ਉਹਨਾਂ ਆਪਣੇ ਮਨ ਦੀ ਤੜਫਨਾ ਦਾ ਜ਼ਿਕਰ ਕੀਤਾ ਇਹ ਆਪਣੇ ਵੱਡਿਆਂ ਨੂੰ ਮਿਲਣ ਦੀ ਤਾਂਘ ਸੀ, ਪੀੜ੍ਹਾ ਸੀ, ਦਰਦ ਸੀ।

ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਬਾਣੀ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ 'ਚ ਰਚੀ ਗਈ ਬਾਣੀ ਵਿਚੋਂ ਸਭ ਤੋਂ ਜ਼ਿਆਦਾ ਹੈ। ਉਹਨਾਂ ਨੂੰ ਸਾਰੇ ਰਾਗਾਂ ਬਾਰੇ ਪੂਰਾ ਗਿਆਨ ਹੀ ਨਹੀਂ ਸੀ ਸਗੋਂ ਪ੍ਰਪੱਕਤਾ ਵੀ ਰੱਖਦੇ ਸਨ। ਸ੍ਰੀ ਸੁਖਮਨੀ ਸਾਹਿਬ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਗਾਉੜੀ ਦੇ ਮਹਲਾ ਪੰਜਵਾਂ ਵਿਚ ਅੰਕ 962 ਉਪਰ ਬਹੁਤ ਹੀ ਅਲੌਕਿਕ ਤਰੀਕੇ ਨਾਲ ਦਰਜ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀਆਂ 24 ਅਸ਼ਟਪਦੀਆਂ ਹਨ ਅਤੇ ਇਸ ਦੇ ਕੁਲ 24 ਹਜ਼ਾਰ ਹੀ ਅੱਖਰ ਹਨ। ਇਹ ਗੁਰੂ ਜੀ ਹੁਰਾਂ ਦੀ ਵਡਮੁੱਲੀ ਰਚਨਾ ਹੈ। ਇਹ ਸੁੱਖਾਂ ਦੀ ਮਣੀ ਜਾਂ ਸੁੱਖਾਂ ਦਾ ਸਾਗਰ ਹੀ ਨਹੀਂ ਸਗੋਂ ਇਸ ਸਾਗਰ 'ਚ ਅਸੀਂ ਚੁਭੀ ਮਾਰ ਕੇ ਦੇਖੀਏ ਤਾਂ ਇਸ ਵਿਚ ਹੀਰੇ ਜਵਾਰਾਤ ਦਾ ਖਜ਼ਾਨਾ ਹੈ। ਸਿਰਫ਼ ਸਾਡੀ ਨੇਹਚਾ ਹੋਣੀ ਚਾਹੀਦੀ ਹੈ। ਹਰੇਕ ਅਸ਼ਟਪਦੀ 'ਚ ਬੜਾ ਹੀ ਬਰੀਕੀ ਨਾਲ ਜ਼ਿਕਰ ਕੀਤਾ ਗਿਆ ਹੈ।

ਪਿਆਰੀ ਸਾਧ ਸੰਗਤ ਜੀ ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਬਰੀਕੀ ਨਾਲ ਖੋਜ ਕਰੀਏ ਤਾਂ ਇਹਨਾਂ ਦੀ ਬਾਣੀ 'ਚ ਸ਼ਬਦਾਂ ਰਾਹੀਂ ਮੁਰਾਦਾਂ ਵੀ ਪੂਰੀਆਂ ਹੁੰਦੀਆਂ ਹਨ। ਕੋਈ ਇਸ ਵਿਚ ਜਾਦੂ ਟੂਣੇ ਜਾਂ ਧਾਗੇ ਤਵੀਤ ਵਾਲੀ ਗੱਲ ਨਹੀਂ। ਸਿਰਫ਼ ਸ਼ਬਦ ਰਾਹੀਂ ਜਾਪ ਕਰਨ ਨਾਲ ਹੀ ਉਸ ਵਾਹਿਗੁਰੂ ਦੀ ਖੁਦ ਆਪ ਹੀ ਅਪਾਰ ਕਿਰਪਾ ਹੋ ਜਾਂਦੀ ਹੈ।


ਸੋ ਅਗਰ ਗੁਰਦੇਵ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਹੋਰ ਬਰੀਕੀ ਨਾਲ ਘੋਖ ਕਰੀਏ ਤਾਂ ਉਹ ਕੇਵਲ ਬ੍ਰਹਮਗਿਆਨੀ ਹੀ ਨਹੀਂ ਸਨ ਸਗੋਂ ਸਰਬ ਕਲਾ ਸਮਰੱਥ ਸਨ। ਅੱਜ ਉਹਨਾਂ ਜੀ ਦੇ ਸ਼ਹੀਦੀ ਗੁਰਪੁਰਬ ਤੇ ਮੈਂ ਸਾਧ ਸੰਗਤ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੌਕੇ ਦੀ ਹਕੂਮਤ ਨੇ ਉਹਨਾਂ ਨਾਲ ਜੋ ਵਤੀਰਾ ਕੀਤਾ ਸੀ ਇਹ ਉਹਨਾਂ ਨੂੰ ਭਲੀ ਭਾਂਤ ਪਹਿਲਾਂ ਹੀ ਸਭ ਪਤਾ ਸੀ ਪਰ ਉਹ ਆਪਣੇ ਸਿਦਕ ਤੇ ਅਡੋਲ ਸਨ। ਗੁਰੂ ਜੀ ਨੂੰ ਯਾਸਾ ਕਾਨੂੰਨ ਤਹਿਤ ਸਜ਼ਾ ਸੁਣਾ ਦਿੱਤੀ ਗਈ ਜਿਸ ਦਾ ਅਰਥ ਹੈ ਅਜਿਹੇ ਤਸੀਹੇ ਦੇਣੇ ਕਿ ਮੌਤ ਹੋਣ ਤੱਕ ਸਰੀਰ ਵਿਚੋਂ ਖ਼ੂਨ ਧਰਤੀ 'ਤੇ ਨਾ ਡੁੱਲੇ। ਗੁਰੂ ਜੀ ਨੇ ਸ਼ਹੀਦੀ ਮਨੁੱਖਤਾ ਦੀ ਭਲਾਈ ਹਿੱਤ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਸ਼ਾਂਤਮਈ ਰਹਿ ਕੇ ਅਤੇ ਅਕਹਿ ਕਸ਼ਟ ਸਹਾਰਦੇ ਹੋਏ ਦਿੱਤੀ। ਭਾਰਤੀ ਪਰੰਪਰਾ ਵਿਚ ਇਹ ਪਹਿਲੀ ਸ਼ਹਾਦਤ ਸੀ ਜੋ ਕਿਸੇ ਮਹਾਂਪੁਰਖ ਨੇ ਧਰਮ ਦੀ ਖਾਤਰ ਦਿੱਤੀ ਹੈ। ਇਸੇ ਕਰਕੇ ਇਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਸੋ ਅੱਜ ਦੇ ਸ਼ਹੀਦੀ ਗੁਰਪੁਰਬ ਤੇ ਆਉ ਗੁਰਦੇਵ ਪਿਤਾ ਜੀ ਦੀ ਸੋਚ ਨੂੰ ਅਪਣਾਈਏ ਅਤੇ ਉਹਨਾਂ ਦੇ ਨਕਸ਼ੇ-ਕਦਮ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਅੱਜ ਦੇ ਦਿਨ ਸਾਡੀ ਸੱਚੀ ਸ਼ਰਧਾ ਉਹਨਾਂ ਪ੍ਰਤੀ ਇਹੀ ਹੋਵੇਗੀ ਕਿ ਉਹਨਾਂ ਦੇ ਫਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਈਏ ਅਤੇ ਗੁਰੂ ਜੀ ਦੀ ਮੱਤ ਦੇ ਧਾਰਨੀ ਬਣੀਏ।


# ਮਈ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ

### ਪ੍ਰਕਾਸ਼ ਗੁਰਪੁਰਬ ਤੇ ਵਿਸ਼ੇਸ਼

## ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ






ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਇਸ ਵਾਰ ਪ੍ਰਕਾਸ਼ ਪੁਰਬ ਗੁਰੂ ਅਮਰਦਾਸ ਜੀ ਮਿਤੀ 9 ਮਈ 2017 ਨੂੰ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।




**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**


ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਣਖਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥**

**(ਅੰਗ 990)**

ਉਸ ਸਮੇਂ ਗੁਰੂ ਅਮਰਦਾਸ ਜੀ ਦਾ ਧਿਆਨ ਉਨ੍ਹਾਂ ਪੰਗਤੀਆਂ ਵੱਲ ਗਿਆ ਤਾਂ ਉਨ੍ਹਾਂ ਦਾ ਮਨ ਸ਼ਾਂਤੀ ਮਹਿਸੂਸ ਕਰਨ ਲੱਗਾ, ਉਹ ਇਕ ਪਾਸੇ

ਬੈਠ ਕੇ ਪਾਠ ਸੁਣਨ ਲੱਗ ਪਏ। ਜਦੋਂ ਬੀਬੀ ਜੀ ਨੇ ਦੁੱਧ ਰਿੜਕ ਲਿਆ, ਤਾਂ ਗੁਰੂ ਜੀ ਨੇ ਪੁਛਿਆ, "ਪੁੱਤਰੀ। ਇਹ ਕਿਸ ਦੀ ਬਾਣੀ ਪੜ੍ਹਦੀ ਹੈ?" ਉਸ ਨੇ ਉੱਤਰ ਦਿੱਤਾ, "ਇਹ ਪਰਮ ਪਵਿੱਤਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ ਤੇ ਇਸ ਵੇਲੇ ਮੇਰੇ ਪਿਤਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਬਿਰਾਜਮਾਨ ਹਨ।" ਇਹ ਉੱਤਰ ਸੁਣ ਕੇ ਮੰਨ ਵਿੱਚ ਦਰਸ਼ਨਾਂ ਦੀ ਤਾਂਘ ਉਠੀ। ਬੀਬੀ ਅਮਰੋ ਤੋਂ ਪਾਠ ਸੁਣਨਾ ਕੁਦਰਤ ਨੇ ਗੁਰੂ ਮਿਲਾਪ ਦਾ ਇਸ ਤਰ੍ਹਾਂ ਵਸੀਲਾ ਬਣਾ ਦਿੱਤਾ। ਬੀਬੀ ਅਮਰੋ ਨੂੰ ਆਪਣੇ ਪਿਤਾ ਜੀ ਨੂੰ ਮਿਲਾਉਣ ਲਈ ਕਿਹਾ। ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਣ ਕਰਨ ਲਈ ਖਡੂਰ ਸਾਹਿਬ ਪਹੁੰਚੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ "ਦਰਸ਼ਨ ਭੇਟਤ ਹੋਤ ਨਿਹਾਲਾ" ਦੇ ਵਾਕ ਅਨੁਸਾਰ ਦਰਸ਼ਨ ਕਰਕੇ ਗੱਦ ਗੱਦ ਹੋ ਗਏ। ਆਪ ਜੀ ਨੇ ਬੇਨਤੀ ਕਿ ਸੱਚੇ ਪਾਤਸ਼ਾਹ ਮੈਨੂੰ ਆਪਣੇ ਚਰਨਾਂ 'ਚ ਬੈਠਣ ਤੇ ਸੰਗਤਾਂ ਦੀ ਸੇਵਾ ਦਾ ਸੁਭਾਗ ਬਖਸ਼ੋ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਸਿੱਖ ਧਰਮ ਵਿੱਚ ਗੁਰੂ ਤੇ ਸੰਗਤ ਦੀ ਸੇਵਾ ਨੂੰ ਰੱਬ ਦੀ ਪ੍ਰਾਪਤੀ ਤੇ ਸ਼ਕਤੀ ਸਾਧਨ ਮੰਨਿਆ ਗਿਆ ਹੈ। ਇਸ ਨਾਲ ਮੰਨ ਨੀਵਾਂ ਤੇ ਮੱਤ ਉੱਚੀ ਹੁੰਦੀ ਹੈ। ਪੁਰਾਤਨ ਸਮੇਂ ਅਨੁਸਾਰ ਸੇਵਾ ਨੂੰ ਨੀਚ ਤੇ ਸ਼ੂਦਰ ਜਾਤੀਆਂ ਦਾ ਕੰਮ ਸਮਝਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ 12 ਵਰ੍ਹੇ ਲਗਾਤਾਰ ਖਡੂਰ ਸਾਹਿਬ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਬਿਆਸ ਨਦੀ ਤੋਂ ਰੋਜ਼ਾਨਾ ਜਲ ਲਿਆ ਕੇ ਇਸ਼ਨਾਨ ਕਰਵਾਉਣ, ਦਿਨੇ, ਰਾਤ ਲੰਗਰ ਦੀ ਸੇਵਾ ਕਰਨ, ਝਾੜੂ ਦੇਣ, ਭਾਂਡੇ ਮਾਂਜਣ ਤੇ ਪ੍ਰਸ਼ਾਦਾ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਅਤਿ ਕਠਿਨ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਚੰਗੇ ਗੁਣਾਂ, ਨਿਸ਼ਕਾਮ ਤੇ ਅਦੁਤੀ ਸੇਵਾ ਕਰਨ ਤੇ ਬੇਹੱਦ ਪ੍ਰਸੰਨ ਸਨ। ਇੱਕ ਦਿਨ ਪਿਆਰ 'ਚ ਆਏ ਗੁਰੂ ਅੰਗਦ ਦੇਵ ਜੀ ਨੇ ਆਪਣੇ ਹਜ਼ੂਰੀ ਸੇਵਕਾਂ ਨੂੰ ਕਿਹਾ, ਕਿ ਜਾਉ ਸ੍ਰੀ ਅਮਰਦਾਸ ਜੀ ਨੂੰ ਨਵੇਂ ਬਸਤਰ ਪਹਿਨਾ ਕੇ ਲੈ ਆਓ। ਗੁਰੂ ਜੀ ਨੇ ਦੀਵਾਨ ਵਿੱਚ ਸ੍ਰੀ ਅਮਰਦਾਸ ਜੀ ਨੂੰ ਚੌਕੀ 'ਤੇ ਬਿਠਾ ਕੇ ਬਾਬਾ ਬੁੱਢਾ ਜੀ ਦੇ ਹੱਥੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਵਾਇਆ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਆਪ ਮੱਥਾ ਟੇਕਿਆ ਤੇ ਪ੍ਰਕਰਮਾਂ ਕੀਤੀਆਂ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਅਦੁੱਤੀ ਘਾਲਣਾ ਥਾਂਏ ਪਈ ਹੈ। ਗੁਰੂ ਅੰਗਦ ਦੇਵ ਜੀ ਦੇ ਆਪਣੇ ਦੋ ਪੁੱਤਰ ਦਾਤੂ ਤੇ ਦਾਸੂ ਸਨ ਪਰ ਗੱਦੀ ਉਨ੍ਹਾਂ ਨੂੰ ਨਹੀਂ ਦਿੱਤੀ ਪਰ ਇਹ ਮਾਣ ਗੁਰੂ ਅਮਰਦਾਸ ਜੀ ਨੂੰ ਬਖਸ਼ਿਆ ਤੇ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੋਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ ਆਦਿ।

* * * * *

## ਗੁਰਗੱਦੀ ਦਿਵਸ ਤੇ ਵਿਸ਼ੇਸ਼

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਚਪਨ ਵਿਚ ਸਰੀਰਕ ਅਤੇ ਆਤਮਕ ਸਿਖਲਾਈ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਕੀਤਾ।

ਜਦੋਂ ਗੁਰੂ ਅਰਜਨ ਦੇਵ ਜੀ ਸ਼ਹੀਦੀ ਦੇਣ ਲਈ ਤਿਆਰ ਹੋ ਕੇ ਲਾਹੌਰ



ਜਾਣ ਲੱਗੇ ਤਾਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਨੂੰ ਸੱਦ ਕੇ ਉਸ ਵਕਤ ਦੇ ਰਾਜਸੀ ਹਾਲਾਤ ਦੱਸੇ ਤੇ ਆਉਣ ਵਾਲੇ ਸਮੇਂ ਵਿਚ ਹਕੂਮਤ ਨਾਲ ਸਿੱਧੀ ਟੱਕਰ ਹੋਣ ਬਾਰੇ ਵੀ ਸੰਭਾਵਨਾ ਨੂੰ ਦਰਸਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਭਾਰੀ ਸੰਗਤ ਦੇ ਸਾਹਮਣੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪੀ, ਉਸ ਸਮੇਂ ਇਨ੍ਹਾਂ ਦੀ ਉਮਰ ਸਿਰਫ਼ 11 ਸਾਲ ਦੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਸੰਗਤਾਂ ਵਿਚ ਜੋਸ਼ ਭਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਦੋ ਤਲਵਾਰਾਂ ਧਾਰਨ ਕਰ ਲਈਆਂ ਤੇ ਕਿਹਾ ਕਿ ਇਕ ਤਲਵਾਰ ਮੀਰੀ ਦੀ ਤੇ ਦੂਸਰੀ ਪੀਰੀ ਦੀ। ਸੰਗਤਾਂ ਅੰਦਰ ਬੀਰ ਰਸ ਪੈਦਾ ਕਰਨ ਲਈ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਸਾਰੇ ਦੂਰ-ਦੁਰੇਡੇ ਖ਼ਬਰਾਂ ਭੇਜੀਆਂ ਤੇ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਨਾਲ ਸ਼ਸ਼ਤਰ, ਘੋੜੇ ਤੇ ਕ੍ਰਿਪਾਨਾਂ ਜਾਂ ਹੋਰ ਕੋਈ ਵੀ ਜੰਗੀ ਸਮਾਨ ਲਿਆ ਸਕਦਾ ਹੋਵੇ ਲੈ ਕੇ ਆਵੇ। ਸਤਿਗੁਰ ਜੀ ਦੇ ਸਿੱਖ ਹੁੰਮ ਹੁੰਮਾ ਕੇ ਪਹੁੰਚਣਾ ਸ਼ੁਰੂ ਹੋ ਗਏ। ਸਿੱਖਾਂ ਨੂੰ ਘੋੜ ਸਵਾਰੀ ਤੇ ਸ਼ਸ਼ਤਰਾਂ ਦੀ ਵਿੱਦਿਆ ਦੇਣੀ ਸ਼ੁਰੂ ਹੋ ਗਈ। ਸਿੱਖ ਸੰਗਤਾਂ ਨੂੰ ਨਿਪੁੰਨ ਬਣਾਉਣ ਲਈ ਰੋਜ਼ ਅਖਾੜੇ ਲੱਗਣ ਲੱਗੇ ਤੇ ਹਰ ਤਰ੍ਹਾਂ ਦੇ ਜੰਗੀ ਅਭਿਆਸ ਸ਼ੁਰੂ ਕਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖ਼ਤ ਬਣਵਾਇਆ। ਇਹ ਐਸਾ ਤਖ਼ਤ ਹੈ ਜਿਸ ਦੇ ਦਰਸ਼ਨ ਕਰਨ ਨਾਲ ਹੀ ਸਿੱਖਾਂ ਦੇ ਹਿਰਦਿਆਂ ਵਿਚ ਰਾਜਸੀ ਠਾਠ ਬਾਠ ਦਾ ਪ੍ਰਭਾਵ ਪੈਦਾ ਹੋ ਜਾਂਦਾ ਹੈ ਤੇ ਦੁਸ਼ਮਣਾਂ ਨਾਲ ਟੱਕਰ ਲੈਣ ਲਈ ਖ਼ੂਨ ਖੌਲਣ ਲੱਗ ਪੈਂਦਾ ਹੈ। ਹੁਣ ਅਭਿਆਸ ਦੇ ਨਾਲ-ਨਾਲ ਢਾਡੀ ਯੋਧਿਆਂ ਦੀ ਵਾਰਾਂ ਗਾ ਕੇ ਬੀਰ-ਰਸ ਪੈਦਾ ਕਰਨ ਲੱਗ ਪਏ। ਗੁਰੂ ਹਰਿਗੋਬਿੰਦ ਜੀ ਆਪ ਸੰਗਤਾਂ ਦੇ ਰੂ-ਬ-ਰੂ ਹੋ ਕੇ ਬੀਰ ਰਸ ਨਾਲ ਭਰਪੂਰ ਵਖਿਆਨ ਕਰਦੇ।

ਇਸ ਸਾਰੇ ਦਾ ਏਨਾ ਪ੍ਰਭਾਵ ਪਿਆ ਕਿ ਸੰਗਤਾਂ ਗੁਰੂ ਜੀ ਵੱਲ ਨੂੰ ਵਹੀਰਾਂ ਘੱਤੀ ਆਉਣੀਆਂ ਸ਼ੁਰੂ ਹੋ ਗਈਆਂ। ਕਰਤਾਰਪੁਰ ਦੇ ਨੇੜੇ ਕਈ ਪਠਾਣਾਂ ਨੇ ਆਪਣੇ ਆਪ ਨੂੰ ਗੁਰੂ ਜੀ ਨੂੰ ਭੇਟ ਕਰ ਦਿੱਤਾ। ਪੈਂਦੇ ਖਾਨ ਵੀ

ਇਨ੍ਹਾਂ ਪਠਾਣਾਂ ਵਿਚੋਂ ਇਕ ਸੀ। ਲੋਕਾਂ ਵਿਚ ਹੋਰ ਜਾਗਰਤੀ ਪੈਦਾ ਕਰਨ ਲਈ ਗੁਰੂ ਜੀ ਨੇ ਦੁਆਬੇ ਦੇ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਇਥੋਂ ਵੀ ਸੰਗਤਾਂ ਨੇ ਬਹੁਤ ਸਹਿਯੋਗ ਦਿੱਤਾ। ਫਿਰ ਗੁਰੂ ਜੀ ਮਾਲਵੇ ਦੇ ਇਲਾਕੇ ਵਿਚ ਘੁੰਮੇ ਤੇ ਸੰਗਤਾਂ ਨੂੰ ਨਾਲ ਜੋੜਿਆ। ਸੰਨ 1616 ਵਿਚ ਗੁਰੂ ਜੀ ਕਸ਼ਮੀਰ ਗਏ। ਉਥੇ ਕਸ਼ਮੀਰੀ, ਗਰੀਬੀ ਤੇ ਭੁੱਖ ਦੇ ਕਾਰਣ ਦੁਖੀ ਸਨ। ਆਪ ਜੀ ਜੋ ਮਾਇਆ ਦਸਵੰਧ ਦੇ ਤੌਰ 'ਤੇ ਆਉਂਦੀ ਸੀ, ਉਸ ਵਿਚੋਂ ਉਨ੍ਹਾਂ ਗਰੀਬਾਂ ਤੇ ਜ਼ਰੂਰਤਮੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ। ਉਥੋਂ ਦੇ ਲੋਕ ਏਨੇ ਪ੍ਰਭਾਵਤ ਹੋ ਗਏ ਕਿ ਕਈ ਮੁਸਲਮਾਨ ਵੀ ਸਿੱਖ ਬਣ ਗਏ। ਜਿੰਨਾਂ ਵਿੱਚ ਭਾਈ ਕੱਟੂ ਦਾ ਨਾਮ ਮਸ਼ਹੂਰ ਹੈ। ਵਾਪਸੀ ਵੇਲੇ ਗੁਰੂ ਜੀ ਬਾਰਾਂਮੂਲੇ ਦੇ ਰਸਤੇ ਗੁਜਰਾਤ, ਵਜ਼ੀਰਾਬਾਦ ਤੇ ਹਾਫਜ਼ਾਬਾਦ ਹੁੰਦੇ ਹੋਏ ਨਨਕਾਣਾ ਸਾਹਿਬ ਪਹੁੰਚੇ। ਫਿਰ ਆਪ ਲਾਹੌਰ ਆਏ। ਗੁਰੂ ਹਰਿਗੋਬਿੰਦ ਜੀ ਸੰਨ 1618 ਵਿੱਚ ਵਾਪਸ ਅੰਮ੍ਰਿਤਸਰ ਆਏ।



ਜਿਸ ਵੇਲੇ ਮੌਕੇ ਦੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਦੀਆਂ ਗਤੀਵਿਧੀਆਂ ਦਾ ਪਤਾ ਲਗਣਾ ਸ਼ੁਰੂ ਹੋਇਆ ਤਾਂ ਉਸ ਨੇ ਖੁਫੀਆਂ ਵਿਭਾਗ ਨੂੰ ਸਿੱਖ ਸੰਗਤਾਂ ਦੀਆਂ ਰੋਜ਼ਾਨਾ ਹੋਣ ਵਾਲੀਆਂ ਗਤੀਆਂ ਨੂੰ ਵਾਚਣ ਲਈ ਕਿਹਾ। ਜਹਾਂਗੀਰ ਨੂੰ ਸਿੱਖਾਂ ਦੀ ਤਾਕਤ ਵਧਦੀ ਨਜ਼ਰ ਆ ਰਹੀ ਸੀ ਤੇ ਉਸ ਨੂੰ ਲੱਗ ਰਿਹਾ ਸੀ ਕਿ ਸ਼ਾਇਦ ਉਸ ਦੇ ਰਾਜ ਵਾਸਤੇ ਇਹ ਬਹੁਤ ਖਤਰਾ ਪੈਦਾ ਕਰ ਸਕਦੀ ਹੈ। ਉਸ ਨੂੰ ਆਪਣੀ ਗੱਦੀ ਜਾਂਦੀ ਨਜ਼ਰ ਆਉਣ ਲੱਗੀ। ਜਹਾਂਗੀਰ ਨੇ ਇਸ ਸਾਰੇ ਨੂੰ ਵਾਚਣ ਤੋਂ ਬਾਅਦ ਆਪਣੇ ਨਿਕਟਵਰਤੀ ਸੈਨਾਪਤੀਆਂ ਨਾਲ ਸਲਾਹ ਮਸ਼ਵਰਾ ਕਰਕੇ ਆਗਰੇ ਤੋਂ ਹੁਕਮ ਜਾਰੀ ਕੀਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਜਾਵੇ। ਉਸ ਵੇਲੇ ਕਿਲ੍ਹੇ ਵਿੱਚ ਪਹਿਲਾਂ ਤੋਂ ਹੀ ਹਿੰਦੂ ਰਾਜੇ ਭੀ ਕੈਦ ਕਰਕੇ ਰੱਖੇ ਹੋਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਭੀ ਦਿਲਾਸਾ ਦਿੱਤਾ ਤੇ ਭਾਣੇਂ ਵਿੱਚ ਰਹਿਣ ਲਈ ਕਿਹਾ। ਚਾਰੇ ਪਾਸੇ ਇਹ ਖਬਰ ਅੱਗ ਵਾਂਗ ਫੈਲ ਗਈ ਕਿ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਹੋਇਆ ਹੈ, ਬਸ ਫਿਰ ਕੀ ਸੀ? ਵਹੀਰਾ ਘੱਤ ਘੱਤ ਜਥਿਆਂ ਵਿੱਚ ਸੰਗਤ ਹੀ ਨਹੀਂ ਕਈ ਨੇਕ ਦਿਲ ਮੁਸਲਮਾਨ ਵੀ ਪਹੁੰਚਣ ਲਗੇ। ਪਰ ਕਿਸੇ ਨੂੰ ਵੀ ਮਿਲਣ ਦਾ ਸਮਾਂ ਨਾ ਦਿੱਤਾ ਜਾਂਦਾ। ਜਦੋਂ ਸਾਰਿਆਂ ਨੇ ਮਿਲ ਕੇ ਜਹਾਂਗੀਰ ਦੇ ਵਿਰੁੱਧ ਆਪਣੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੱਕ ਵਿੱਚ ਲੋਕਾਂ ਨੇ ਰਲ ਕੇ ਆਵਾਜ਼ ਉਠਾਈ ਤਾਂ ਮੌਕੇ ਦੀ ਹਕੂਮਤ ਨੂੰ ਗੁਰੂ ਜੀ ਨੂੰ ਛੱਡਣਾ ਪਿਆ। ਪਰ ਗੁਰੂ ਜੀ ਨੇ ਬਾਕੀ ਹਿੰਦੂ ਰਾਜੇ ਜੋ ਕਿ ਗਿਣਤੀ ਵਿੱਚ 52 ਸਨ ਨੂੰ ਵੀ ਛੱਡਣ ਲਈ ਕਿਹਾ ਪਰ ਹਕੂਮਤ ਦੇ ਨਾਂ ਮੰਨਣ ਤੇ ਗੁਰੂ ਜੀ ਨੇ ਵੀ ਕਿਲ੍ਹੇ ਤੋਂ ਬਾਹਰ ਜਾਣ ਲਈ ਮਨ੍ਹਾਂ ਕਰ ਦਿੱਤਾ। ਮਜ਼ਬੂਰੀ ਵੱਸ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ 52 ਰਾਜਿਆਂ ਨੂੰ ਭੀ ਗੁਰੂ ਜੀ ਦੇ ਨਾਲ ਛੱਡਿਆ। ਉਸ ਸਮੇਂ ਤੋਂ ਹੀ ਆਪ ਜੀ ਦਾ ਨਾਮ ਬੰਦੀ ਛੋੜ ਦਾਤਾ ਪੈ ਗਿਆ।




ਜਹਾਂਗੀਰ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖ਼ਤ ਤੇ ਬੈਠਾ ਜੋ ਕਿ ਬਹੁਤ ਕੱਟੜ ਮੁਸਲਮਾਨ ਬਾਦਸ਼ਾਹ ਸੀ। ਇਸ ਨੇ ਮੁਸਲਮਾਨਾਂ ਵਾਸਤੇ ਧਰਮ ਤਬਦੀਲੀ ਦੀ, ਆਪਣੇ ਹੁਕਮ ਰਾਹੀਂ ਮਨਾਹੀ ਕਰ ਦਿੱਤੀ। ਲਾਹੌਰ ਡੱਬੀ ਬਾਜ਼ਾਰ ਵਿੱਚ ਬਣਾਈ ਬਾਉਲੀ ਪੂਰ ਕੇ ਮਸੀਤ ਬਣਾ ਦਿੱਤੀ। ਸਿੱਖਾਂ ਦੇ ਮਨਾਂ ਵਿੱਚ ਜੋਸ਼ ਭੜਕ ਗਿਆ। ਸਿੱਖਾਂ ਦੀ ਤਿਆਰੀ ਤਾਂ ਪੂਰੀ ਪਹਿਲਾਂ ਹੀ ਹੋ ਚੁੱਕੀ ਸੀ। ਸਿੱਖਾਂ ਕੋਲੋਂ ਇਸ ਦੁੱਖ ਨੂੰ ਨਾ ਸਹਾਰਦਿਆਂ ਹੋਇਆਂ ਮੁਗ਼ਲ ਫੌਜਾਂ 'ਤੇ ਚੜ੍ਹਾਈ ਕਰ ਦਿੱਤੀ, ਇਹੀ ਜੰਗ ਨਹੀਂ ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਫੌਜਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿੱਚ ਹੀ ਜਿੱਤ ਪ੍ਰਾਪਤ ਕੀਤੀ, ਜੰਗ ਉਪਰੰਤ ਆਪ ਫਿਰ ਸਿੱਖੀ ਦੇ ਪ੍ਰਚਾਰ ਵਿੱਚ ਰੁੱਝ ਗਏ। ਆਪ ਜੀ ਦੇ ਪੰਜ ਸਪੁੱਤਰ ਸਨ 1. ਬਾਬਾ ਗੁਰਦਿੱਤਾ ਜੀ, 2. ਬਾਬਾ ਸੂਰਜ ਮੱਲ੍ਹ ਜੀ 3. ਬਾਬਾ ਅਣਿ ਰਾਇ ਜੀ, 4. ਬਾਬਾ ਅਟੱਲ ਰਾਇ ਜੀ, 5. (ਗੁਰੂ) ਤੇਗ ਬਹਾਦਰ ਜੀ, 6. ਇੱਕ ਪੁੱਤਰੀ ਬੀਬੀ ਵੀਰੋ ਜੀ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਕੇ ਆਪ 3 ਮਾਰਚ, ਸੰਨ 1644 ਨੂੰ ਜੋਤੀ ਜੋਤਿ ਸਮਾ ਗਏ।

# ਭਖਦੇ ਮਸਲੇ

# ਗੁਰਦੁਆਰਾ ਗਿਆਨ ਗੋਦੜੀ ਦਾ ਸੱਚ



ਅੱਜਕਲ੍ਹ ਹਰਿਦੁਆਰ ਹਰ ਕੀ ਪੌੜੀ ਜੋ ਕਿ ਉਤਰਾਖੰਡ ਪ੍ਰਦੇਸ਼ ਵਿਚ ਹਿੰਦੂਆਂ ਦਾ ਪ੍ਰਮੁੱਖ ਤੀਰਥ ਸਥਾਨ ਹੈ, ਜਿਸ ਵਿਚੋਂ ਪੱਛਮੀ ਹਿਮਾਲੀਆ ਦੇ ਉੱਚੇ ਪਹਾੜਾਂ ਤੋਂ ਗੰਗੋਤਰੀ ਦੇ ਗੋਮੁਖ ਸਥਾਨ ਤੋਂ ਚੱਲਦੀ ਹੋਈ ਗੰਗਾ ਨਦੀ ਇਸ ਸਥਾਨ ਤੇ ਗੁਜਰਦੀ ਹੋਈ ਪੂਰੇ ਜ਼ੋਬਨ ਤੇ ਹੁੰਦੀ ਹੈ। ਇਸ ਦਾ ਪਾਣੀ ਬੜੀ ਤੇਜ਼ ਰਫ਼ਤਾਰ ਨਾਲ ਇਥੋਂ ਚੱਲਦਾ ਹੋਇਆ ਦੇਸ਼ ਦੇ ਹੋਰ ਵੱਖ-ਵੱਖ ਪ੍ਰਾਂਤਾਂ ਵਿਚੋਂ ਲੰਘਦਾ ਹੋਇਆ ਆਪਣੀ ਆਖਰੀ ਮੰਜਲ ਸਮੁੰਦਰ ਵੱਲ ਨੂੰ ਵਾਹੋ-ਦਾਹੀ ਭੱਜਾ ਜਾਂਦਾ ਹੈ। ਹਿੰਦੂ ਮੱਤ ਅਨੁਸਾਰ ਇਹ ਗੰਗਾ ਸ਼ਿਵ ਜੀ ਮਹਾਰਾਜ ਦੀਆਂ ਜਟਾਵਾਂ ਵਿਚੋਂ ਗੰਗੋਤਰੀ ਦੇ ਸਥਾਨ ਤੋਂ ਨਿਕਲਦੀ ਹੋਈ ਇਥੇ ਪਹੁੰਚਦੀ ਹੈ।

ਗੰਗਾ ਨਦੀ ਉਤਰਾਖੰਡ, ਉਤਰ ਪ੍ਰਦੇਸ਼, ਬਿਹਾਰ, ਬੰਗਾਲ ਤੋਂ ਹੁੰਦੀ ਹੋਈ ਬੰਗਲਾ ਦੇਸ਼ ਵਿਚੋਂ ਗੁਜਰ ਕੇ 2525 ਕਿਲੋਮੀਟਰ ਦਾ ਸਫ਼ਰ ਕਰਦੀ ਹੋਈ ਬੰਗਾਲ ਦੀ ਖਾੜੀ ਦੇ ਫਰਾਕਾ ਬੈਰਾਜ ਵਿਚ ਸਮੁੰਦਰ ਵਿਚ ਜਾ ਮਿਲਦੀ ਹੈ। ਹਿੰਦੂ ਮੱਤ ਦਾ ਵਿਸ਼ਵਾਸ ਹੈ ਕਿ ਇਹ ਦੇਵੀ ਦੇਵਤਿਆਂ ਦੁਆਰਾ ਉਨ੍ਹਾਂ ਨੂੰ ਬਖ਼ਸ਼ਿਆ ਗਿਆ ਇਕ ਅਨਮੋਲ ਪਵਿੱਤਰ ਤੋਹਫਾ ਹੈ, ਜਿਸ ਦੀ ਪੂਜਾ ਕਰਨ ਅਤੇ ਇਸ ਵਿਚ ਇਸ਼ਨਾਨ ਕਰਨ ਨਾਲ ਉਨ੍ਹਾਂ ਦੇ ਜਨਮਾ ਜਨਮਾਤਰਾਂ ਦੇ ਪਾਪ ਧੁੱਪ ਜਾਂਦੇ ਹਨ। ਹਿੰਦੂ ਲੋਕ ਆਪਣੇ ਮ੍ਰਿਤਕ ਪ੍ਰਾਣੀ ਦੇ ਫੁੱਲਾਂ ਦਾ ਪ੍ਰਵਾਹ ਵੀ ਇਥੇ ਵਹਿੰਦੀ ਗੰਗਾ ਵਿਚ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਪ੍ਰਾਣੀ ਦੇ ਅਵਸ਼ੇਸ਼ ਇਥੇ ਪ੍ਰਵਾਹ ਕਰਨ ਨਾਲ ਉਸ ਨੂੰ ਮੋਕਸ਼ ਪ੍ਰਾਪਤ ਹੋ ਜਾਂਦਾ ਹੈ ਤੇ ਫਿਰ ਉਹ ਦੁਬਾਰਾ ਜੀਊਣ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ। ਕਿਸੇ ਵੀ ਧਰਮ ਨੂੰ ਆਪਣੇ ਰੀਤੀ-ਰਿਵਾਜ਼ ਸੰਸਕਾਰ ਪੂਰੇ ਕਰਨ ਦੀ ਪੂਰਨ ਅਜ਼ਾਦੀ ਹੋਣੀ ਚਾਹੀਦੀ ਹੈ। ਇਸ ਵਿਚ ਕੋਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਪ੍ਰੰਤੂ ਜਦੋਂ ਜਦੋਂ ਇਹਨਾਂ ਰੀਤੀ ਰਿਵਾਜ਼ਾਂ ਨਾਲ ਕੁਝ ਵਿਹਲੜ ਕਿਸਮ ਦੇ ਲੋਕ, ਕੁਝ ਆਪ ਬਣੇ ਧਰਮ ਦੇ ਠੇਕੇਦਾਰ ਆਪਣੇ ਵੱਲੋਂ ਆਪਣੀਆਂ ਦੁਕਾਨਾਂ ਚਲਾਉਣ ਦੇ ਲਾਲਚ ਵੱਸ ਗਲਤ ਰਸਮਾਂ ਤੇ ਗਤੀਵਿਧੀਆਂ ਚਲਾ ਕੇ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ, ਭਰਮਾਂ ਵਿਚ ਪਾਉਣ ਲੱਗ ਜਾਣ ਤਾਂ ਸਮੇਂ-ਸਮੇਂ ਤੇ ਵਿਚਰ ਰਹੀਆਂ ਕਈ ਰੱਬੀ ਰੂਹਾਂ ਲੋਕਾਂ ਨੂੰ ਇਹ ਭਰਮਾਂ-ਵਹਿਮਾਂ ਵਿਚੋਂ ਕੱਢ ਕੇ ਸਿੱਧੇ ਰਸਤੇ ਪਾਉਣ ਦਾ ਯਤਨ ਕਰਦੀਆਂ ਹਨ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੁਕਾਈ ਨੂੰ ਵਹਿਮਾਂ-ਭਰਮਾਂ ਅਤੇ ਗਲਤ ਰੀਤੀ-ਰਿਵਾਜ਼ਾਂ ਤੋਂ ਬਾਹਰ ਕੱਢਣ ਦਾ ਬੀੜਾ ਚੁਕਿਆ ਹੋਇਆ ਸੀ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਵੱਖ-ਵੱਖ ਦਿਸ਼ਾਵਾਂ ਵੱਲ ਚਾਰ ਉਦਾਸੀਆਂ (ਯਾਤਰਾਵਾਂ) ਕਰਕੇ ਸਮੁੱਚੀ ਮਨੁੱਖਤਾ ਨੂੰ ਹਨ੍ਹੇਰੇ ਦੇ ਭੰਵਰ ਵਿਚੋਂ ਕੱਢ ਕੇ ਰੋਸ਼ਨੀ ਤੇ ਚਾਨਣ ਦਾ ਰਾਹ ਵਿਖਾਇਆ ਅਤੇ ਸਮੁੱਚੀ ਮਾਨਵਤਾ ਨੂੰ ਠੋਸ ਲੀਹਾਂ ਤੇ ਚੱਲ ਕੇ ਪ੍ਰਭੂ ਪ੍ਰਮਾਤਮਾ ਦੀ ਭਗਤੀ ਵੱਲ ਲਗਾਇਆ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਵੇਲੇ ਪੂਰਬ ਵੱਲ ਜਾਂਦੇ ਹੋਏ, ਹਰਿਦੁਆਰ ਦੇ ਸਥਾਨ ਤੇ ਵੀ ਆਏ। ਗੁਰੂ ਸਾਹਿਬ ਨੇ ਦੇਖਿਆ ਕਿ ਉਥੇ ਮੌਜੂਦ ਪਾਂਧੇ ਪੰਡਿਤ ਭੋਲੀ ਭਾਲੀ ਜਨਤਾ ਨੂੰ ਕਿਵੇਂ ਗਲਤ ਰਿਵਾਜ਼ਾਂ ਅਤੇ ਧਾਰਨਾਵਾਂ ਦੇ ਪਿਛੇ ਲਗਾ ਰਹੇ ਹਨ। ਗੁਰੂ ਜੀ ਨੇ ਦੇਖਿਆ ਕਿ ਲੋਕ ਗੰਗਾ ਨਦੀ ਵਿਚ ਖੜ੍ਹੇ ਹੋ ਕੇ ਚੜ੍ਹਦੇ ਪਾਸੇ ਵੱਲ ਮੂੰਹ ਕਰਕੇ ਸੂਰਜ ਨੂੰ ਪਾਣੀ ਦੇ ਰਹੇ ਹਨ ਅਤੇ ਮੱਥੇ ਟੇਕ ਰਹੇ ਹਨ। ਗੁਰੂ ਜੀ ਦੇ ਪੁੱਛਣ ਤੇ ਉਨ੍ਹਾਂ ਕਿਹਾ ਕਿ ਉਹ ਜਿਥੇ ਇਹ ਪਾਣੀ ਸੂਰਜ ਦੇਵਤੇ ਨੂੰ ਪਹੁੰਚਾ ਰਹੇ ਹਨ ਉਥੇ ਉਹ ਇਹ ਪਾਣੀ ਆਪਣੇ-ਆਪਣੇ ਮਰ ਚੁੱਕੇ ਪਿੱਤਰਾਂ ਅਰਥਾਤ ਵੱਡ-ਵਡੇਰਿਆਂ ਨੂੰ ਭੇਜ ਰਹੇ ਹਨ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਗੰਗਾ ਨਦੀ ਵਿਚ ਖੜ੍ਹੇ ਹੋ ਕੇ ਪੱਛਮ ਵੱਲ ਨੂੰ ਮੂੰਹ ਕਰਕੇ ਗੰਗਾ ਦਾ ਪਾਣੀ ਪੱਛਮ ਵੱਲ ਨੂੰ ਸੁੱਟਣ ਲੱਗ ਪਏ ਬ੍ਰਾਹਮਣ, ਪੰਡਿਤ ਬੜੇ ਹੈਰਾਨ ਹੋਏ ਤੇ ਪੁੱਛਣ ਲੱਗੇ ਤੁਸੀਂ ਇਹ ਉਲਟ ਦਿਸ਼ਾ ਨੂੰ ਪਾਣੀ ਕਿਉਂ ਸੁੱਟ ਰਹੇ ਹੋ? ਗੁਰੂ ਜੀ ਨੇ ਕਿਹਾ ਕਿ ਮੈਂ ਇਹ ਪਾਣੀ ਪੱਛਮ ਦਿਸ਼ਾ ਵਿਚ ਆਪਣੇ ਖੇਤਾਂ ਵਿਚ ਬੀਜੀ ਫਸਲ ਨੂੰ ਭੇਜ ਰਿਹਾ ਹਾਂ। ਪੰਡਿਤ ਹੱਸ ਕੇ ਕਹਿਣ ਲੱਗੇ ਕਿ ਇਹ ਪਾਣੀ ਸੈਂਕੜੇ ਮੀਲ ਦੂਰ ਤੁਹਾਡੀ ਫਸਲ ਤੱਕ ਕਿਵੇਂ ਪਹੁੰਚੇਗਾ, ਉਹ ਤਾਂ ਬਹੁਤ ਦੂਰ ਹੈ। ਗੁਰੂ ਜੀ ਨੇ ਕਿਹਾ ਕਿ ਜੇਕਰ ਇਹ ਪਾਣੀ ਕਰੋੜਾਂ ਮੀਲ ਦੂਰ ਸੂਰਜ ਨੂੰ ਪਹੁੰਚ ਸਕਦਾ ਹੈ, ਤੁਹਾਡੇ ਮਰ ਚੁੱਕੇ ਪਿੱਤਰਾਂ ਤੱਕ ਪਹੁੰਚ ਸਕਦਾ ਹੈ ਤਾਂ ਇਹ ਪਾਣੀ ਕੁਝ ਕੁ ਸੈਂਕੜੇ ਮੀਲ ਦੂਰ ਮੇਰੀ ਫਸਲ ਤੱਕ ਕਿਉਂ ਨਹੀਂ ਪਹੁੰਚ ਸਕਦਾ? ਸੁਣ ਕੇ ਪੰਡਿਤਾਂ ਤੇ ਹਾਜ਼ਰ ਲੋਕਾਂ ਦੇ ਕੰਨ ਖੁੱਲ੍ਹ ਗਏ। ਦਲੀਲ ਅੱਗੇ ਕਿਸੇ ਦੇ ਵਹਿਮ-ਭਰਮ ਨੂੰ ਕੋਈ ਜਗ੍ਹਾ ਨਾ ਮਿਲੀ। ਇਸ ਘਟਨਾ ਤੋਂ ਬਾਅਦ ਗੰਗਾ ਕਿਨਾਰੇ ਬੈਠ ਕੇ ਗੁਰੂ ਜੀ ਦੀ ਬ੍ਰਾਹਮਣ ਪਾਂਡਿਆਂ ਨਾਲ ਗੋਸ਼ਟੀ ਹੋਈ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਸੱਚਾ ਗਿਆਨ ਵੰਡਿਆ। ਜਿਸ ਜਗ੍ਹਾ ਤੇ ਇਹ ਗੋਸ਼ਟੀ ਹੋਈ ਉਸ ਜਗ੍ਹਾ ਤੇ ਪੁਰਾਤਣ ਸਿੱਖਾਂ ਨੇ ਗੰਗਾ ਕਿਨਾਰੇ ਇਕ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਸੀ ਜਿਸ ਦਾ ਨਾਮ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਸੀ।

ਸੰਨ 1979 ਵਿਚ ਉੱਤਰ ਪ੍ਰਦੇਸ਼ ਸਰਕਾਰ ਅਤੇ ਹਰਿਦੁਆਰ ਸੰਮਤੀ ਵੱਲੋਂ ਹਰ ਕੀ ਪੌੜੀ ਹਰਿਦੁਆਰ ਦੇ ਸੁੰਦਰੀਕਰਨ ਦੇ ਪ੍ਰਾਜੈਕਟ ਅਤੇ ਕਿਨਾਰਿਆਂ ਦੇ ਵਿਸਥਾਰ ਵੇਲੇ ਇਹ ਗੁਰਦੁਆਰਾ ਸਾਹਿਬ ਢਾਹ ਦਿੱਤਾ ਗਿਆ ਸੀ। ਉੱਥੇ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਹੋਣ ਕਰਕੇ ਵਿਰੋਧ ਦੇ ਬਾਵਜੂਦ ਕਿਸੇ ਵੀ ਪ੍ਰਸ਼ਾਸ਼ਨ ਜਾਂ ਸਰਕਾਰ ਨੇ ਕੋਈ ਸੁਣਵਾਈ ਉਦੋਂ ਨਾ ਕੀਤੀ। 1978 ਤੋਂ ਬਾਅਦ ਪੰਜਾਬ ਦੇ ਹਾਲਾਤ ਵੀ ਸਾਜਗਾਰ ਨਾ ਰਹੇ। ਬਾਅਦ ਵਿਚ 1984 ਦੇ ਸਿੱਖ ਦੰਗੇ ਹੋ ਗਏ। ਪੂਰੇ ਦੇਸ਼ ਵਿਚ ਸਿੱਖਾਂ ਦੇ ਜਾਨ ਮਾਲ ਦੀ ਬੜੀ ਹਾਨੀ ਹੋਈ। ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਉਸਾਰੀ ਲਈ ਬਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਦੁਆ ਦੱਸਦੇ ਹਨ ਕਿ 1984 ਵਿਚ ਸਾਨੂੰ ਸਥਾਨਕ ਪ੍ਰਸ਼ਾਸਨ ਨੇ ਇਥੋਂ ਤੱਕ ਕਿਹਾ ਕਿ ਤੁਸੀਂ ਆਪਣੀ ਜਾਨ ਮਾਲ ਦੀ ਸੰਭਾਲ ਕਰੋ, ਗੁਰਦੁਆਰੇ ਦੀ ਮੰਗ ਨੂੰ ਭੁਲ ਜਾਵੋ। ਸਮੇਂ-ਸਮੇਂ ਤੇ ਅਸੀਂ ਇਹ ਮੰਗ ਉਠਾਉਂਦੇ ਰਹੇ ਪਰ ਕਿਤੇ ਵੀ ਸਾਡੀ ਸੁਣਵਾਈ ਨਹੀਂ ਹੋਈ

ਸੰਨ 1995 ਵਿਚ ਮੁੜ ਸਥਾਨਕ ਸਿੱਖਾਂ ਨੇ ਇਕ ਕਮੇਟੀ ਬਣਾ ਕੇ ਗੁਰਦੁਆਰਾ ਸਾਹਿਬ ਲਈ ਜਗ੍ਹਾ ਦੀ ਮੰਗ ਨੂੰ ਉਠਾਉਣਾ ਸ਼ੁਰੂ ਕੀਤਾ। ਕਮੇਟੀ ਵੱਲੋਂ ਜਦੋ ਜਹਿਦ ਕਰਨ ਦੇ ਸਿੱਟੇ ਵਜੋਂ ਉਸ ਵੇਲੇ ਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਨਰਾਇਣ ਦੱਤ ਤਿਵਾੜੀ ਨੇ ਸੰਨ 2003 ਵਿਚ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ ਲਈ 50,000 ਵਰਗ ਫੁਟ ਜਗ੍ਹਾ ਦੇਣ ਦਾ ਐਲਾਨ ਕੀਤਾ। ਬਾਅਦ ਵਿਚ ਹਰਿਦੁਆਰ ਸ਼ਹਿਰ ਨਵੇਂ ਬਣੇ ਪ੍ਰਾਂਤ ਉੱਤਰਾਖੰਡ ਅਧੀਨ ਆ ਗਿਆ ਤੇ ਜ਼ਮੀਨ ਪੱਕੇ ਤੌਰ 'ਤੇ ਦੇਣ ਦੀ ਮੰਗ ਦੀ ਕੇਸ ਫਾਇਲ ਦੋ ਰਾਜਾਂ ਦੇ ਪ੍ਰਸਾਸ਼ਨਕ ਫੈਸਲਿਆਂ ਦੇ ਜੰਜਾਲ ਵਿਚ ਹੀ ਉਲਝ ਕੇ ਰਹਿ ਗਈ। ਕਮੇਟੀ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਨੇ ਦੱਸਿਆ ਕਿ ਮਹਿਕਮਾ ਮਾਲ ਦੇ ਸੰਨ 1935 ਦੇ ਜਮਾਬੰਦੀ ਰਿਕਾਰਡ ਅਨੁਸਾਰ ਵੀ ਇਹ ਜਗ੍ਹਾ ਨਾਨਕਵਾੜਾ ਦੇ ਨਾਮ ਤੇ ਸੀ ਅਤੇ ਮੁਸਲਿਮ ਭਾਈਚਾਰੇ ਦੇ 1962 ਦੇ ਰਿਕਾਰਡ ਅਨੁਸਾਰ ਵੀ ਇਥੇ ਗਿਆਨ ਗੋਦੜੀ ਗੁਰਦੁਆਰਾ ਸੀ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਸੰਨ 2003 ਵਿਚ ਉੱਤਰ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ ਇਸ ਜਗ੍ਹਾ ਨੂੰ ਗੁਰਦੁਆਰਾ ਸਾਹਿਬ ਦੇ ਨਾਮ ਕਰਨ ਦਾ ਐਲਾਨ ਕਰ ਦਿੱਤਾ ਸੀ ਤਾਂ ਪੰਜਾਬ ਵਿਚ ਵੀ 2002 ਤੋਂ 2007 ਤੱਕ ਦੀ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਇਸ ਮਸਲੇ ਵੱਲ ਧਿਆਨ ਕਿਉਂ ਨਹੀਂ ਦਿੱਤਾ ਗਿਆ? ਇਸ ਤੋਂ ਬਾਅਦ ਲਗਾਤਾਰ 10 ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਪੰਜਾਬ ਵਿਚ ਰਹੀ। ਮੁਲਾਇਮ ਸਿੰਘ ਯਾਦਵ ਅਤੇ ਅਖਿਲੇਸ਼ ਯਾਦਵ ਦੋਨੋਂ ਪਿਉ ਪੁੱਤਰਾਂ ਦੇ ਵਾਰੋ-ਵਾਰੀ ਮੁੱਖ ਮੰਤਰੀ ਬਨਣ ਤੇ ਸਹੁੰ ਚੁੱਕ ਸਮਾਗਮਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਵਾਰੋ ਵਾਰੀ ਗਏ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਪਵਿੱਤਰ ਅਸਥਾਨ ਲਈ ਜਗ੍ਹਾ ਲੈਣ ਤੇ ਬਨਾਉਣ ਦੀ ਮੰਗ ਉਹਨਾਂ ਦੇ ਜਿਹਨ ਵਿਚ ਕਿਉਂ ਨਹੀਂ ਆਈ? ਤਿਕੜਮਬਾਜ ਸਿੱਖ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਅਕਾਲੀ ਦਲ ਛੱਡ ਕੇ ਰਾਤੋ ਰਾਤ ਅਖਿਲੇਸ਼ ਸਰਕਾਰ ਦੇ ਮੰਤਰੀ ਬਣ ਗਏ। ਪ੍ਰੰਤੂ ਇਸ ਸਮੱਸਿਆ ਦਾ ਸਮਾਧਾਨ ਨਾ ਕਰਵਾ ਸਕੇ।

ਸਿਆਸੀ ਆਲੋਚਕ ਇਹ ਆਮ ਕਹਿੰਦੇ ਹਨ ਕਿ ਅਕਾਲੀ ਦਲ ਤਾਕਤ ਨਾਲੋਂ ਵਿਰੋਧੀ ਧਿਰ ਵਿਚ ਹੋਵੇ ਤਾਂ ਜ਼ਿਆਦਾ ਖਤਰਨਾਕ ਹੁੰਦਾ ਹੈ। ਕੋਈ ਮੁੱਦਾ ਲੱਭ ਕੇ ਸੜਕਾਂ ਰੋਕਣੀਆਂ, ਰੇਲਾ ਰੋਕਣੀਆਂ, ਧਰਨੇ ਲਾਉਣੇ, ਜੇਲ੍ਹੀਂ ਜਾਣਾ ਤਾਂ ਅਕਾਲੀਆਂ ਦੇ ਇਤਿਹਾਸ ਵਿਚ ਅਤੇ ਸੁਭਾਅ ਵਿਚ ਹੈ। ਵਰਤਮਾਨ ਵਿਚ ਇਸ ਮਸਲੇ ਦਾ ਹੱਲ ਧਰਨੇਬਾਜ਼ੀ ਜਾਂ ਜੇਲ੍ਹੀਂ ਜਾਣਾ ਨਹੀਂ ਹੋਣਾ ਚਾਹੀਦਾ। ਪੰਜਾਬ ਦੀ ਕਾਂਗਰਸ ਦੀ ਸਰਕਾਰ ਨੇ ਨਾਂ ਹੀ ਕੁਝ ਕਰਨਾ ਹੈ ਅਤੇ ਨਾਂ ਹੀ ਇਸ ਮਸਲੇ ਤੇ ਉਹਨਾਂ ਦੀ ਉਤਰਾਖੰਡ ਜਾਂ ਕੇਂਦਰ ਸਰਕਾਰ ਵਿਚ ਕੋਈ ਪੁੱਛ ਪ੍ਰਤੀਤ ਹੋਣੀ ਹੈ। ਕੇਂਦਰ ਵਿਚ ਵੀ ਅਤੇ ਉਤਰਾਖੰਡ ਪ੍ਰਾਂਤ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਦਾ ਰਾਜ ਹੈ। ਸ. ਪ੍ਰਕਾਸ਼ ਸਿੰਘ ਬਾਦਲ ਦਾ ਕੱਦ ਸਮੁੱਚੇ ਦੇਸ਼ ਅਤੇ ਖਾਸ ਕਰ ਭਾਜਪਾ ਹਾਈ ਕਮਾਨ ਵਿਚ ਬਹੁਤ ਉੱਚਾ ਦਰਜਾ ਰੱਖਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੀ ਸ਼ਖ਼ਸੀਅਤ ਦੇ ਪ੍ਰਭਾਵ ਨਾਲ ਕੇਂਦਰ ਸਰਕਾਰ ਅਤੇ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਦੀਆਂ ਭਾਜਪਾਈ ਸਰਕਾਰਾਂ ਨੂੰ ਇਹ ਮਸਲਾ ਪਹਿਲ ਦੇ ਅਧਾਰ ਤੇ ਹੱਲ ਕਰਨ ਲਈ ਜ਼ੋਰ ਨਾਲ ਕਹਿਣ। ਕੋਈ ਵੀ ਹਿੰਦੂ ਵੀਰ ਨਹੀਂ ਚਾਹੇਗਾ ਕਿ ਸਾਰੀ ਮਨੁੱਖਤਾ ਦੇ ਸਾਂਝੇ ਗੁਰੂ, ਗੁਰੂ ਨਾਨਕ ਦੇਵ ਜੀ ਦਾ ਅਸਥਾਨ ਹਰ ਕੀ ਪਉੜੀ ਵਿਚ ਨਾ ਬਣੇ। ਸਿੱਖਾਂ ਨੇ ਦੁਨੀਆਂ ਭਰ ਵਿਚ ਕੋਈ ਵੀ ਅਜਿਹੀ ਜਗ੍ਹਾ ਨਹੀਂ ਛੱਡੀ ਜਿਥੇ ਕਿਸੇ ਵੀ ਗੁਰੂ ਸਾਹਿਬ ਦੇ ਚਰਨ ਪਏ ਹੋਣ ਤੇ ਉਥੇ ਗੁਰਦੁਆਰਾ ਨਾ ਬਣਾਇਆ ਹੋਵੇ। ਸਿੱਖ 'ਜਿਥੇ ਜਾਏ ਬਹੈ ਮੇਰਾ ਸਤਿਗੁਰੂ ਸੋਈ ਥਾਨ ਸੁਹਾਵਾ ਰਾਮ ਰਾਜੈ॥" ਦੇ ਇਲਾਹੀ ਬਚਨ ਦਾ ਹਮਸ਼ਾ ਕਾਇਲ ਰਿਹਾ ਹੈ। ਉਹ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਗੁਰੂ ਚਰਨ ਦੀ ਛੋਹ ਪ੍ਰਾਪਤ ਇਸ ਅਸਥਾਨ ਤੇ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਨਾ ਹੋਵੇ। ਪ੍ਰੰਤੂ ਸਿੱਖਾਂ ਦੇ ਜਜ਼ਬਾਤ ਦਾ ਕਿਸੇ ਨੂੰ ਵੀ ਸਿਆਸੀ ਲਾਹਾ ਲੈਣ ਲਈ ਮਸਲੇ ਦੇ ਸ਼ਾਂਤਮਈ ਹੱਲ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗਰਮ ਖਿਆਲੀ ਨੇਤਾਵਾਂ ਨੂੰ ਮਸਲੇ ਨੂੰ ਵਿਗਾੜਣ ਦੀ ਹੱਦ ਤੱਕ ਨਹੀਂ ਜਾਣਾ ਚਾਹੀਦਾ। ਗਰਮ ਖਿਆਲੀ ਸੰਤ ਗੁਰਮੀਤ ਸਿੰਘ ਦਾਦੂਵਾਲ ਤਾਂ ਉਥੇ ਨੰਗੀਆਂ ਕਿਰਪਾਨਾਂ ਲਹਿਰਾ ਕੇ ਉੱਤਰਾਖੰਡ ਪੁਲਿਸ ਨੂੰ ਮੰਦਾ ਚੰਗਾ ਬੋਲ ਕੇ ਪਲੀਤੀ ਲਾਉਣ ਦਾ ਕੰਮ ਪਹਿਲਾਂ ਹੀ ਕਰ ਆਇਆ ਹੈ। ਜੇਕਰ ਅਕਾਲੀ ਦਲ ਵੀ ਇਸ ਮਸਲੇ ਦੇ ਹੱਲ ਲਈ ਟਾਕਰੇ ਦੀ ਨੀਤੀ ਅਪਨਾਉਂਦਾ ਹੈ ਤਾਂ ਆਲੋਚਕਾਂ ਨੂੰ ਇਹ ਕਹਿੰਦੇ ਨਹੀਂ ਰੋਕ ਸਕੇਗਾ ਕਿ ਰਾਜ ਭਾਗ ਵਿਚੋਂ ਬਾਹਰ ਹੋਣ ਤੇ ਅਕਾਲੀ ਦਲ ਭੋਲੇ ਭਾਲੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਂਦਾ ਹੈ। ਭਾਜਪਾ ਤੇ ਵੀ ਇਹ ਇਲਜਾਮ ਲੱਗਦਾ ਹੈ ਕਿ ਅਯੁਧਿਆ ਨਗਰੀ ਵਿਚ ਰਾਮ ਮੰਦਰ ਦਾ ਮੁੱਦਾ ਭਾਜਪਾ ਜਾਣਬੁਝ ਕੇ ਲਮਕਾ ਕੇ ਰੱਖਣਾ ਚਾਹੁੰਦੀ ਹੈ ਤਾਂ ਜੋ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਇਸ ਨਾਲ ਜੁੜੀਆਂ ਹੋਣ ਕਾਰਨ ਇਸ ਮਸਲੇ ਨੂੰ ਜਿੰਦਾ ਰੱਖ ਕੇ ਇਸ ਤੋਂ ਹਰ ਚੋਣ ਵਿਚ ਸਿਆਸੀ ਲਾਹਾ ਲਿਆ ਜਾ ਸਕੇ। ਜੇਕਰ ਸ਼੍ਰੋਮਣੀ ਅਕਾਲੀ ਦਲ ਨੇ ਵੀ ਗੁਰਦੁਆਰਾ ਗਿਆਨ ਦੋਗੜੀ ਸਾਹਿਬ ਦਾ ਮੁੱਦਾ ਜ਼ਿਆਦਾ ਲਮਕਣ ਦਿੱਤਾ ਤਾਂ ਲੋਕ ਸਮਝਣਗੇ ਕਿ ਇਸ ਤੋਂ ਸਿਆਸੀ ਲਾਹਾ ਲੈਣ ਤੱਕ ਜਾਣਬੁੱਝ ਕੇ ਹੱਲ ਨਹੀਂ ਕਰਵਾਇਆ ਜਾ ਰਿਹਾ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਤੋਂ ਬਚਣਾ ਚਾਹੀਦਾ ਹੈ। ਜੇਕਰ ਅਕਾਲੀ ਦਲ ਦੀ ਲੀਡਰਸ਼ਿਪ ਗੱਲਬਾਤ ਰਾਹੀਂ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਇਸ ਪਵਿੱਤਰ ਅਸਥਾਨ ਦੇ ਬਨਾਉਣ ਲਈ ਜਗ੍ਹਾ ਲੈ ਲੈਂਦਾ ਹੈ ਅਤੇ ਇਸ ਅਸਥਾਨ ਨੂੰ ਬਿਨਾਂ ਕਿਸੇ ਟਕਰਾ ਤੋਂ ਬਣਵਾ ਲੈਂਦਾ ਹੈ ਤਾਂ ਅਕਾਲੀ ਦਲ ਨੂੰ ਬੜਾ ਵੱਡਾ ਰਾਜਨੀਤਕ ਫਾਇਦਾ ਵੀ ਹੋਵੇਗਾ। ਆਸ ਕਰਦੇ ਹਾਂ ਕਿ ਇਸ ਤਰ੍ਹਾਂ ਹੀ ਹੋਵੇਗਾ।

**ਜਨਮ ਦਿਨ ਤੇ ਵਿਸ਼ੇਸ਼**

# ''ਭਗਤ ਧੰਨਾ ਜੀ''



ਭਗਤ ਧੰਨਾ ਜੀ ਦਾ ਜਨਮ 1473 ਬਿਕ੍ਰਮੀ, ਮੁਬਈ ਦੇ ਨੇੜੇ ਪਿੰਡ ਧੁਆਨ (ਇਲਾਕਾ ਟਾਂਕ) ਵਿੱਚ ਹੋਇਆ। ਆਪ ਜਾਤ ਦੇ ਜੱਟ ਸਨ। ਇਸ ਵਾਰ ਆਪ ਜੀ ਦਾ ਜਨਮ ਨਾਨਕ ਸ਼ਾਹੀ ਕਲੰਡਰ ਦੇ ਮੁਤਾਬਿਕ 20-04-2017 ਨੂੰ ਮੰਨਿਆ ਗਿਆ। ਭਗਤ ਧੰਨਾ ਜੀ ਇਕ ਗਰੀਬ ਪਰਿਵਾਰ ਵਿੱਚ ਪੈਦਾ ਹੋਏ। ਬਚਪਨ ਦੇ ਥੋੜ੍ਹੇ ਜਿਹੇ ਸਾਲ ਹੱਸਦਿਆਂ, ਖੇਡਦਿਆਂ ਬਤੀਤ ਹੋਏ, ਜ਼ਰਾ ਹੋਸ਼ ਆਈ ਤਾਂ ਮਾਂ-ਬਾਪ ਨੇ ਗਊਆਂ ਚਾਰਨ ਵਾਸਤੇ ਲਾ ਦਿੱਤਾ। ਭਗਤ ਧੰਨਾ ਜੀ ਜਿਸ ਪਾਸੇ ਗਾਵਾਂ ਚਰਾਵਣ ਜਾਂਦੇ ਸਨ ਉਸ ਪਾਸੇ ਇਕ ਠਾਕਰ ਦੁਵਾਰਾ ਪੈਂਦਾ ਸੀ। ਜਿਥੇ ਕਿ ਪੱਥਰ ਦੀਆਂ ਮੂਰਤੀਆਂ ਰੱਖੀਆਂ ਹੁੰਦੀਆਂ ਸਨ।


ਪਿੰਡ ਦਾ ਪੰਡਤ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਨੇਮ ਨਾਲ ਉਸ ਠਾਕਰ ਦਵਾਰੇ ਆਉਂਦਾ ਤੇ ਪੱਥਰਾਂ ਦੀਆਂ ਮੂਰਤੀਆਂ ਨੂੰ ਇਸ਼ਨਾਨ ਕਰਵਾਉਂਦਾ, ਧੂਪ ਦਿੰਦਾ ਤੇ ਫਿਰ ਲੋਕਾਂ ਦਾ ਆਉਣਾ ਸ਼ੁਰੂ ਹੋ ਜਾਂਦਾ। ਪੰਡਤ ਪੱਥਰਾਂ ਦੀ ਪੂਜਾ ਕਰਦਾ ਲੋਕ ਭੀ ਜਿਸ ਤਰ੍ਹਾਂ ਪੰਡਤ ਕਹਿੰਦਾ ਨਾਲ ਨਾਲ ਪੂਜਾ ਕਰਦੇ ਤੇ ਪ੍ਰਸ਼ਾਦ ਨੂੰ ਭੋਗ ਲਵਾਉਂਦਾ। ਧੰਨਾ ਜੀ ਬਚਪਨ ਤੋਂ ਹੀ ਇਸ ਪੰਡਤ ਨੂੰ ਦੇਖਦੇ ਆ ਰਹੇ ਸਨ। ਧੰਨਾ ਜੀ ਜਵਾਨ ਹੋ ਰਹੇ ਸਨ ਪਰ ਉਨ੍ਹਾਂ ਦੀ ਦਿਲਚਸਪੀ ਉਸ ਪੰਡਤ ਦੀ ਪੱਥਰਾਂ ਦੀ ਪੂਜਾ ਵਿੱਚ ਦਿਨੋ-ਦਿਨ ਵੱਧ ਰਹੀ ਸੀ। ਮੰਨ ਅੰਦਰ ਇਛਾ ਪ੍ਰਬਲ ਹੋ ਰਹੀ ਸੀ ਕਿ ਪੱਥਰ ਪੰਡਤ ਜੀ ਨੂੰ ਕੀ ਦਿੰਦੇ ਹਨ ਜੋ ਕਿ ਪੰਡਤ ਨੇਮ ਨਾਲ ਪੱਥਰਾਂ ਨੂੰ ਇਸ਼ਨਾਨ ਕਰਵਾ ਕੇ ਧੂਪ ਬੱਤੀ ਕਰਕੇ ਪੂਜਾ ਕਰਦਾ ਹੈ। ਉਹ ਸੋਚਣ ਲੱਗ ਪਿਆ ਕਿ ਅਗਰ ਸੱਚਮੁੱਚ ਹੀ ਇਹ ਪੱਥਰ ਪੂਜਾ ਨਾਲ ਕੁਝ ਦੇਣ ਜੋਗੇ ਹਨ ਤਾਂ ਉਹ ਭੀ ਇਨ੍ਹਾਂ ਦੀ ਪੂਜਾ ਕਰਿਆ ਕਰੇਗਾ। ਕਿਉਂਕਿ ਉਨ੍ਹਾਂ ਦੇ ਘਰ ਵਿੱਚ ਗਰੀਬੀ ਸੀ। ਉਹ ਸੋਚ ਰਿਹਾ ਸੀ ਗਰੀਬੀ ਤੋਂ ਰਾਹਤ /ਛੁਟਕਾਰਾ ਪਾਉਣ ਲਈ ਇਸ ਤੋਂ ਆਸਾਨ ਤਰੀਕਾ ਹੋਰ ਕੀ ਹੋ ਸਕਦਾ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਇਕ ਦਿਨ ਸਵੇਰੇ ਹੀ ਘਰੋਂ ਉਠ ਕੇ ਧੰਨਾ ਜੀ ਠਾਕਰ ਦਵਾਰੇ ਚਲੇ ਗਏ, ਅੱਗੇ ਬ੍ਰਾਹਮਣ ਪੂਜਾ ਕਰ ਰਿਹਾ ਸੀ। ਜਿਵੇਂ ਹੀ ਪੰਡਤ ਦੀ ਪੂਜਾ ਕਰ ਸਮਾਪਤ ਕਰਕੇ ਵਿਹਲੇ ਹੋਏ ਤਾਂ ਧੰਨੇ ਨੇ ਆਪਣੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਪੰਡਤ ਜੀ ਇਸ ਤਰ੍ਹਾਂ ਨਾਲ ਰੋਜ਼ ਭਗਤੀ ਕਰਕੇ ਠਾਕਰ ਜੀ ਕੀ ਦਿੰਦੇ ਹਨ। ਪੰਡਤ ਜੀ ਨੇ ਕਿਹਾ ਕਿ ਇਨ੍ਹਾਂ ਦੀ ਪੂਜਾ ਕਰਕੇ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਪੰਡਤ ਜੀ ਨੇ ਕਿਹਾ ਧੰਨਿਆਂ ਇਹ ਪੱਥਰ ਨਹੀਂ ਦੇਵਤੇ ਹਨ। ਭਗਵਾਨ ਹਨ ਅਤੇ ਪੂਜਾ ਤੋਂ ਖੁਸ਼ ਹੋ ਕੇ ਆਪ ਜੀ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹਨ। ਉਸ ਭਗਤ ਧੰਨਾ ਜੀ ਨੇ ਪੰਡਤ ਜੀ ਨੂੰ ਬੇਨਤੀ ਕੀਤੀ ਕਿ ਇਕ ਠਾਕਰ ਮੈਨੂੰ ਵੀ ਦੇ ਕਿਉਂ, ਤਾਂ ਜੋ ਮੈਂ ਭੀ ਪੂਜਾਕ ਰਕੇਂ ਇਨ੍ਹਾਂਨੂੰ ਖ਼ੁਸ਼ਕ ਰਕੇਮੂੰਹ ਮੰਗੀਆਂ ਮੁਰਾਦਾਂ ਪਾ ਸਕਾਂ।

ਬ੍ਰਾਹਮਣ ਨੇ ਕਿਹਾ ਕਿ ਧੰਨਿਆ ਤੇਰੇ ਕੋਲੋਂ ਠਾਕਰ ਦੀ ਪੂਜਾ ਨਹੀਂ ਹੋ ਸਕਦੀ ਅਤੇ ਨਾ ਹੀ ਠਾਕਰ ਖੁਸ਼ ਹੋ ਸਕਦਾ ਹੈ। ਧੰਨੇ ਦੇ ਕਾਰਨ ਪੁਛਣ ਤੇ ਪੰਡਤ ਨੇ ਕਿਹਾ ਕਿ ਤੂੰ ਅਨਪੜ੍ਹ ਹੈ। ਵਿਦਿਆਹੀਣ ਵਿਅਕਰਤੀ ਪਾਠ ਪੂਜਾ ਕਿਵੇਂ ਕਰ ਸਕਦਾ ਹੈ? ਤੂੰ ਤੇ ਆਪਣੇ ਖੇਤਾਂ ਤੇ ਗਾਵਾਂ ਦੀ ਦੇਖ ਭਾਲ ਕਰ, ਤੇਰੇ ਵਸ ਦੀ ਇਹ ਪਾਠ-ਪੂਜਾ ਨਹੀਂ ਹੈ। ਬ੍ਰਾਹਮਣ ਨੇ ਬੜੀ ਕੋਸ਼ਿਸ਼ ਕੀਤੀ ਕਿ ਧੰਨਾ ਮੰਨ ਜਾਵੇ ਪਰ ਧੰਨਾ ਸਾਰਾ ਕੁਝ ਸੁਣਨ ਤੋਂ ਬਾਅਦ ਪੰਡਤ ਨੂੰ ਕਹਿੰਦਾ ਕਿ ਤੁਸੀਂ ਮੈਨੂੰ ਠਾਕਰ ਦਿਉ ਮੈਂ ਆਪੇ ਠਾਕਰ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਾਂਗਾ। ਧੰਨੇ ਦੇ ਜਿੱਦ ਕਰਨ ਤੇ ਪੰਡਤ ਨੇ ਉਸ ਨੂੰ ਟਾਲਣ ਲਈ ਇਕ ਪੱਥਰ ਚੁੱਕ ਕੇ ਦੇ ਦਿੱਤਾ ਤੇ ਨਾਲੇ ਪੂਜਾ ਕਰਨ ਦੀ ਵਿਧੀ ਦੱਸ ਦਿੱਤੀ। ਧੰਨਾ ਉਸ ਪੱਥਰ




(ਸਾਲਗਰਾਮ) ਨੂੰ ਚਾਦਰ ਵਿੱਚ ਲਪੇਟ ਕੇ ਘਰ ਲੈ ਗਿਆ। ਉਸ ਰਾਤ ਧੰਨੇ ਨੂੰ ਨੀਂਦ ਨਹੀਂ ਆ ਰਹੀ ਸੀ, ਉਹ ਸੋਚ ਰਿਹਾ ਸੀ ਕਿ ਕਿਹੜੇ ਵੇਲੇ ਦਿਨ ਚੜ੍ਹੇ ਤੇ ਉਹ ਠਾਕਰ ਦੀ ਪੂਜਾ ਕਰਕੇ ਉਸ ਨੂੰ ਖੁਸ਼ ਕਰੇ। ਸਾਰੀ ਰਾਤ ਸੋਚਾਂ ਸੋਚਦੇ ਹੀ ਲੰਘ ਗਈ ਪਤਾ ਹੀ ਨਹੀਂ ਲੱਗਾ ਕਦੋਂ ਕੁੱਕੜ ਨੇ ਵਾਂਗ ਦੇ ਦਿੱਤੀ। ਧੰਨਾ ਜੀ ਝੱਟ ਪੱਟ ਉਠੇ, ਆਪ ਨਹਾਂ ਧੋ ਕੇ ਪੰਡਤ ਦੇ ਦੱਸੇ ਅਨੁਸਾਰ ਠਾਕਰ (ਸਾਲਗਰਾਮ) ਨੂੰ ਇਸ਼ਨਾਨ ਕਰਵਾਇਆ ਅਤੇ ਤਰਖਾਣ ਕੋਲੋਂ ਜੋ ਲੱਕੜੀ ਦੀ ਚੌਂਕੀ ਨਵੀਂ ਬਣਵਾ ਕੇ ਲਿਆਇਆ ਸੀ ਉਸ ਉੱਪਰ ਠਾਕਰ ਜੀ ਨੂੰ ਬਿਰਾਜਮਾਨ ਕਰਕੇ ਆਪ ਚੌਂਕੜੀ ਮਾਰ ਕੇ ਅੱਗੇ ਬੈਠ ਗਏ। ਪਾਠ, ਪੂਜਾ ਤੇ ਕਰਨੀ ਨਹੀਂ ਸੀ ਆਉਂਦੀ ਪਰ ਬੈਠ ਕੇ ਮੰਨ ਵਿੱਚ ਖਿਆਲ ਕਰਕੇ ਕਹਿਣ ਲੱਗੇ ਕਿ ਭਗਵਾਨ ਠਾਕਰ ਜੀ ਮੈਂ ਪੜ੍ਹਿਆ ਲਿਖਿਆ ਨਹੀਂ ਹਾਂ। ਮੈਂ ਪੂਜਾ ਵਿੱਚ ਕੀ ਕਹਾਂ ਮੈਨੂੰ ਸਮਝ ਨਹੀਂ ਆ ਰਹੀ। ਫਿਰ ਮੰਨ ਹੀ ਮਨ ਠਾਕਰ ਨਾਲ ਗੱਲਾਂ ਕਰਦਾ ਰਿਹਾ ਕਿ ਸਾਰਿਆਂ ਦੇ ਪਾਲਨ ਹਾਰ ਤੂੰ ਕਿਸ ਤਰ੍ਹਾਂ ਦਾ ਹੋਵੇਗਾ। ਤੂੰ ਸਾਰਿਆਂ ਦਾ ਖਿਆਲ ਰੱਖਣ ਵਾਲਾ ਹੈ। ਇਸ ਤਰ੍ਹਾਂ ਕਰਦਾ ਕਰਦਾ ਬਿਲਕੁੱਲ ਚੁੱਪ ਹੋ ਕੇ ਬੈਠ ਗਿਆ, ਸਮਝ ਨਹੀਂ ਲੱਗ ਰਹੀ ਸੀ, ਕਿ ਕੀ ਪੂਜਾ ਕਰੇ? ਦੋ ਘੰਟੇ ਬੈਠ ਕੇ ਉਠਿਆ ਸਾਰੇ ਕੰਮ ਕਾਜ ਆਪ ਇਕੱਲਾ ਹੀ ਕਰਦਾ ਸੀ, ਉਸ ਨੇ ਉਠ ਕੇ ਲੱਸੀ ਰਿੜਕੀ, ਮੱਖਣ ਕੱਢਿਆ, ਰੋਟੀ ਪਕਾਈ ਸਾਰਾ ਕੁਝ ਪੰਡਤ ਦੇ ਦੱਸਣ ਅਨੁਸਾਰ ਥਾਲੀ ਵਿੱਚ ਪਾ ਕੇ ਠਾਕਰ ਜੀ ਦੇ ਸਾਹਮਣੇ ਰੱਖ ਕੇ ਬੈਠ ਗਿਆ ਤੇ ਲੱਗਾ ਬੇਨਤੀਆਂ ਕਰਨ ਕਿ ਠਾਕੁਰ ਜੀ ਭੋਗ ਲਾਉ। ਇਕ ਘੰਟਾ ਮਿੰਨਤਾਂ ਤਰਲੇ ਕਰ ਕੇ ਧੰਨਾ ਕਹਿਣ ਲੱਗਾ ਠਾਕਰ ਜੀ ਤੁਸੀਂ ਭੋਗ ਲਾਉਗੇ ਤਾਂ ਹੀ ਮੈਂ ਭੀ ਅੰਨ ਮੂੰਹ ਨੂੰ ਲਾਵਾਂਗਾ, ਇਹ ਭੀ ਮੇਰੀ ਜ਼ਿਦ ਹੈ। ਭਗਵਾਨ ਜੀ ਨੂੰ ਸੰਬੋਧਨ ਕਰਕੇ ਧੰਨਾ ਕਹਿੰਦਾ ਪੰਡਤ ਜੀ ਭੋਗ ਲਗਾਉਂਦੇ ਹਨ ਤਾਂ ਤੁਸੀਂ ਦੋ ਮਿੰਟ ਵਿੱਚ ਭੋਗ ਲਾ ਦਿੰਦੇ ਹੋ ਮੈਨੂੰ ਦੋ ਘੰਟੇ ਹੋ ਗਏ, ਜੇ ਮੇਰੀ ਰੁਖੀ ਮਿਸੀ ਚੰਗੀ ਨੀ ਤਾਂ ਵੀ ਦੱਸੋ ਮੈਂ ਤੁਹਾਡੇ ਲਈ ਕੀ ਲੈ ਕੇ ਆਵਾਂ। ਆਪ ਜੀ ਨੂੰ ਕੀ ਚੰਗਾ ਲੱਗਦਾ ਹੈ?

ਪ੍ਰਮਾਤਮਾ ਨੇ ਸੋਚਿਆ ਕਿ ਇਹ ਤੇ ਬਹੁਤ ਭੋਲਾ ਹੈ ਇਸ ਨੂੰ ਕੀ ਪਤਾ ਕਿ ਪੰਡਿਤ ਤੇ ਇਕ ਬੁਰਕੀ ਠਾਕਰ ਨੂੰ ਲਾ ਕੇ ਪ੍ਰਸ਼ਾਦ ਵੰਡ ਦਿੰਦਾ ਸੀ ਤੇ ਬਾਕੀ ਬਚਿਆ ਆਪ ਲੈ ਜਾਂਦਾ ਸੀ। ਇਹ ਭੋਲਾ ਭਗਤ ਇਹੀ ਸੋਚੀ ਜਾ ਰਿਹਾ ਹੈ ਕਿ ਪੰਡਤ ਦਾ ਪ੍ਰਸ਼ਾਦ ਭਗਵਾਨ ਛੱਕ ਲੈਂਦੇ ਹਨ ਤੇ ਮੇਰਾ ਪ੍ਰਸ਼ਾਦ ਨਹੀਂ ਛਕਦੇ। ਉਸ ਦੀ ਜਿਦ ਅੱਗੇ ਪ੍ਰਮਾਤਮਾ ਨੂੰ ਪ੍ਰਗਟ ਹੋਣਾ ਹੀ ਪਿਆ। ਜਦੋਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਭੋਗ ਲਗਾਇਆ ਤਾਂ ਧੰਨਾ ਜੀ ਬਹੁਤ ਖੁਸ਼ ਹੋਏ। ਪ੍ਰਮਾਤਮਾ ਵੀ ਧੰਨੇ ਤੇ ਪੂਰਾ ਮਿਹਰਬਾਨ ਹੋ ਗਿਆ ਤੇ ਧੰਨੇ ਨੂੰ ਕੁਝ ਮੰਗਣ ਵਾਸਤੇ ਕਿਹਾ। ਧੰਨਾ ਬਹੁਤ ਖੁਸ਼ ਹੋਇਆ ਤੇ ਖੁਸ਼ੀ ਵਿੱਚ ਆ ਕੇ ਉਸ ਨੇ ਉਹ ਸਭ ਕੁਝ ਮੰਗ ਲਿਆ ਜੋ ਉਸ ਨੂੰ ਘਰ ਵਿੱਚ ਜ਼ਰੂਰੀ ਸੀ। ਸਾਰੀਆਂ ਮੰਗਾਂ ਨੂੰ ਪ੍ਰਵਾਨ ਕਰਦੇ ਹੋਏ ਭਗਵਾਨ ਨੇ ਉਸ ਨੂੰ ਹੋਰ ਵੀ ਇੱਛਾ ਪੁੱਛੀ। ਤਾਂ ਧੰਨਾ ਜੀ ਨੇ ਭਗਵਾਨ ਨੂੰ ਬੇਨਤੀ ਕੀਤੀ ਕਿ ਜਦੋਂ ਭੀ ਮੈਂ ਆਪ ਜੀ ਨੂੰ ਯਾਦ ਕਰਾਂ ਤੁਸੀਂ ਮੈਨੂੰ ਦਰਸ਼ਨ ਦੇ ਦਿਆ ਕਰੋ। ਜਦੋਂ ਭਗਵਾਨ ਨੇ ਇਹ ਵੀ ਗੱਲ ਮੰਨ ਲਈ ਤਾਂ ਧੰਨਾ ਕਹਿੰਦਾ ਭਗਵਾਨ ਜੀ ਧੰਨਾ ਅੱਜ ਤੋਂ ਤੁਹਾਡਾ ਹੋਇਆ। ਹੁਣ ਮੈਂ ਤੁਹਾਡੀ ਹੀ ਪੂਜਾ ਅਰਚਨਾ ਕਰਿਆ ਕਰਾਂਗਾ। ਇੰਨੀ ਗੱਲ ਕਹਿ ਜਦੋਂ ਧੰਨੇ ਨੇ ਅੱਖਾਂ ਖੋਲ੍ਹੀਆਂ ਤਾਂ ਭਗਵਾਨ ਜੀ ਆਲੋਪ ਹੋ ਗਏ ਸੀ। ਇਤਿਹਾਸ ਦੱਸਦਾ ਹੈ ਕਿ ਧੰਨੇ ਦੇ ਯਾਦ ਕਰਨ 'ਤੇ ਭਗਵਾਨ ਉਸੇ ਵੇਲੇ ਹਾਜ਼ਰ ਹੋ ਜਾਂਦੇ ਸਨ। ਇਥੋਂ ਤੱਕ ਕਿ ਕਈ ਵਾਰ ਭਗਵਾਨ ਨੇ ਇਨਸਾਨ ਦੇ ਰੂਪ ਵਿਚ ਵੀ ਭਗਤ ਧੰਨੇ ਦੀਆਂ ਗਊਆਂ ਚਾਰੀਆਂ। ਲੋਕ ਵੀ ਹੁਣ ਧੰਨੇ ਨੂੰ ਭਗਤ ਧੰਨਾ ਕਹਿਣ ਲੱਗ ਪਏ ਸੀ। ਇਸ ਤੋਂ ਸਾਨੂੰ ਗਿਆਨ ਮਿਲਦਾ ਹੈ ਕਿ ਪਰਮਾਤਮਾ ਦੀ ਸੱਚੇ ਮੰਨ ਨਾਲ ਭਗਤੀ ਕਰਨ ਨਾਲ ਆਤਮਿਕ ਤੇ ਦੁਨਿਆਵੀ ਕੰਮਾਂ ਵਿੱਚ ਪ੍ਰਮਾਤਮਾ ਸਾਡੀ ਸਹਾਇਤਾ ਕਰਦਾ ਹੈ। ਸੱਚੇ ਅਤੇ ਭੋਲੇਪਣ ਮਨ ਨਾਲ ਕੀਤੀ ਅਰਦਾਸ ਕਦੀ ਬਿਰਥਾ ਨਹੀਂ ਜਾਂਦੀ (ਪਰਮਾਤਮਾ ਨੇੜੇ ਹੋ ਕੇ ਸੁਣਦਾ ਹੈ)।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ



# ਮਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

● ***ਜਨਰਲ ਸਕੱਤਰ ਦੀ ਕਲਮ ਤੋਂ*** .....



**ਕਾਰਜਕਾਰਨੀ ਕਮੇਟੀ ਦੀ ਮੀਟਿੰਗ :-** ਨਵੀਂ ਮੈਨੇਜਮੈਂਟ ਦੀ ਪਹਿਲੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਮਿਤੀ-19-05-2017 ਨੂੰ ਬੜੀ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਹੋਈ। ਜਿਸ ਵਿਚ ਸਾਰੇ ਕਾਰਜਕਾਰਨੀ ਮੈਂਬਰਾਂ ਨੇ ਹਾਜ਼ਰੀ ਭਰ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਅਤੇ ਭਵਨ ਦੇ ਕੰਮ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਸੁਝਾਅ ਦਿੱਤੇ। ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਕਾਰਜਕਾਰਨੀ ਦੇ ਮੈਂਬਰਾਂ ਨੂੰ ਵਿੱਦਿਆ, ਮੈਡੀਕਲ ਅਤੇ ਸਮਾਜ ਸੁਧਾਰ ਬਾਰੇ ਆਪਣੇ-ਆਪਣੇ ਵਿਚਾਰ ਪ੍ਰਗਟ ਕਰਨ ਦੀ ਬੇਨਤੀ ਕੀਤੀ। ਮੈਂਬਰਾਂ ਅਤੇ ਅਹੁਦੇਦਾਰਾਂ ਨੇ ਪ੍ਰਧਾਨ ਜੀ ਦੇ ਦੱਸੇ ਸਾਰੇ ਵਿਸ਼ਿਆਂ ਤੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

**ਲਿਫਟ ਬਾਰੇ :-**ਭ ਵਰ੍ਨ ਵਚਚ ਲਰ ਹੋ੍ ਲਫਟਦ ੇਅ ਧੂਰੇਕ ਂ ਮਨ੍ ੂ ਪ੍ ੂਰਾਕ ਰਕੇ੍ ਇਸਦ ਾਓ੍ ੁਦਘਾਟਨ੍ ਮਤੀ-14-05-2017 ਸੰਗਰਾਂਦ ਦੇ ਦਿਹਾੜੇ ਨੂੰ ਪ੍ਰਧਾਨ ਜੀ ਅਤੇ ਹੋਰ ਅਹੁਦੇਦਾਰ ਮੈਂਬਰਾਂ ਦੀ ਹਾਜ਼ਰੀ ਵਿਚ ਕਰ ਦਿੱਤਾ ਗਿਆ।

**ਜਨਰਲ ਸਕੱਤਰ ਤੇ ਵਿਤ ਸਕੱਤਰ ਦੇ ਦਫਤਰ ਬਨਾਉਣ ਬਾਰੇ :-** ਪ੍ਰਧਾਨ ਜੀ ਦੇ ਪੁਰਾਣੇ ਦਫਤਰ ਨੂੰ ਜਨਰਲ ਸਕੱਤਰ, ਵਿਤ ਸਕੱਤਰ ਅਤੇ ਸਟਾਫ ਦੇ ਦਫਤਰ ਵਜੋਂ ਵਰਤਿਆ ਜਾ ਰਿਹਾ ਹੈ ਤਾਂ ਜੋ ਇਕ ਥਾਂ ਤੇ ਰਹਿ ਕੇ ਸੁਚਾਰੂ ਤਰੀਕੇ ਨਾਲ ਕੰਮ ਚਲ ਸਕੇ।

**ਮੈਡੀਕਲ ਵਿੰਗ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਦੀ ਮੈਨੇਜਮੈਂਟ ਨੇ ਮੈਡੀਕਲ ਓ ਪੀ ਡੀ, ਕਲੀਨਿਕਲ ਲੈੱਬ, ਡੈਂਟਲ ਵਿੰਗ ਦੇ ਮਰੀਜ਼ਾਂ ਦੀ ਗਿਣਤੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਵੀ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਅਪ੍ਰੈਲ ਅਤੇ ਮਈ ਦੇ ਮਹੀਨੇ ਦੇ ਮਰੀਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | **ਅਪ੍ਰੈਲ** | **ਮਈ** |
|---|---|---|
| ਮੈਡੀਕਲ ਓ ਪੀ ਡੀ | 292 | 256 |
| ਕਲੀਨਿਕਲ ਲੈੱਬ | 106 | 78 |
| ਡੈਂਟਲ ਵਿੰਗ | 67 | 69 |

**ਨਗਰ ਕੀਰਤਨ ਦੇ ਸੰਬੰਧ ਵਿਚ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡਸ਼ਨ ਦੀ ਮੈਨੇਜਮੈਂਟ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿਚ ਮਿਤੀ-27-05-2017 ਨੂੰ ਵਿਸ਼ਾਲ ਨਗਰ ਕੀਰਤਨ ਦੀ ਹਲਵਾ-ਛੋਲਿਆਂ ਦੇ ਪ੍ਰਸਾਦਿ ਅਤੇ ਮਿੱਠੇ ਪਾਣੀ ਨਾਲ ਸੇਵਾ ਕੀਤੀ ਗਈ ਅਤੇ ਸਿਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ।

**ਫਾਊਂਡੇਸ਼ਨ-ਡੇ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦਾ "ਸਥਾਪਨਾ ਦਿਵਸ (ਫਾਊਂਡੇਸ਼ਨ-ਡੇ") ਮਿਤੀ-27-04-2017 ਦਿਨ ਵੀਰਵਾਰ ਨੂੰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ, ਪੰਜਾਬ, ਹਰਿਆਣਾ ਦੀਆਂ ਸੰਗਤਾਂ ਅਤੇ ਹੋਰ ਮੈਂਬਰਾਨ ਦੇ ਪੂਰਨ ਸਹਿਯੋਗ ਨਾਲ ਸੰਗਤਾਂ ਦੇ ਭਾਰੀ ਇਕੱਠ ਨਾਲ ਲਬਾਣਾ ਭਵਨ, ਸੈਕਟਰ 30 ਏ, ਚੰਡੀਗੜ੍ਹ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਭਾਈ ਹਰਜਿੰਦਰ ਸਿੰਘ ਜੀ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਸਾਬਕਾ ਪ੍ਰਧਾਨ ਨੇ ਫਾਊਂਡੇਸ਼ਨ ਦੇ ਇਤਿਹਾਸ ਅਤੇ ਹੋਂਦ ਵਿਚ ਆਉਣ ਬਾਰੇ ਸਮੂਹ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਸਮੂਹ ਸੰਗਤਾਂ ਨੂੰ ਗੁਰੂਆਂ ਦੀ ਬਾਣੀ 'ਤੇ ਅਮਲ ਕਰਨ ਤੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਣ ਲਈ ਪ੍ਰੇਰਿਆ। ਇਸ ਸਮਾਗਮ ਵਿਚ ਮੁੱਖ ਤੌਰ 'ਤੇ ਮੇਜਰ ਮੇਹਰ ਸਿੰਘ ਸਾਬਕਾ ਪ੍ਰਧਾਨ, ਜਸਟਿਸ ਬਖਸ਼ੀਸ਼ ਕੌਰ (ਰਿਟਾ.), ਕੈਪਟਨ ਜਸਵੰਤ ਸਿੰਘ ਸੀਨੀਅਰ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਗੁਲਸ਼ਨ ਕੁਮਾਰ ਸਿੰਘ ਮੀਤ ਪ੍ਰਧਾਨ (ਹੈੱਡਕੁਆਰਟਰ), ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਜਨਰਲ ਸਕੱਤਰ, ਸ. ਹਰਦਿਆਲ ਸਿੰਘ ਘੋਤੜਾ ਵਿੱਤ ਸਕੱਤਰ, ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ, ਸ. ਸੁਰਿੰਦਰ ਸਿੰਘ ਰੂਬੀ, ਜਲੰਧਰ, ਸ. ਜੋਗਿੰਦਰ ਸਿੰਘ ਅਜੈਬ ਜਲੰਧਰ, ਪ੍ਰਿੰਸੀਪਲ ਟਹਿਲ ਸਿੰਘ, ਜਲੰਧਰ, ਸ. ਨਿਰਮਲ ਸਿੰਘ ਪ੍ਰਬੰਧ ਸਕੱਤਰ, ਸ. ਸਵਰਨ ਸਿੰਘ ਜੋਸ਼, ਸ. ਮੱਖਣ ਸਿੰਘ ਅੰਬਾਲਾ, ਬ੍ਰਿਗੇਡੀਅਰ ਮਨਜੀਤ ਸਿੰਘ ਜਲੰਧਰ, ਸ. ਜਸਵਿੰਦਰ ਸਿੰਘ ਬਿੱਲਾ ਐਮ.ਸੀ. ਜਲੰਧਰ, ਸ. ਸੁਖਵਿੰਦਰ ਸਿੰਘ ਬਿੱਲਾ ਐਮ.ਸੀ. ਬੇਗੋਵਾਲ, ਸ. ਹਰੀ ਸਿੰਘ ਪਿਹੋਵਾ ਅਤੇ ਆਏ ਹੋਏ ਹੋਰ ਮੈਂਬਰ ਸਾਹਿਬਾਨ ਨੇ ਹਾਜ਼ਰੀ ਭਰੀ।

**ਵਿਦਾਇਗੀ ਪਾਰਟੀ** - ਭਵਨ ਵਿਖੇ ਬਤੌਰ ਇਲੈਕਟ੍ਰੀਸ਼ੀਅਨ ਅਤੇ ਏ.ਸੀ. ਮਕੈਨਿਕ ਕੰਮ ਕਰ ਰਹੇ ਸ. ਇੰਦਰਜੀਤ ਸਿੰਘ ਨੂੰ ਵਿਦੇਸ਼ ਵਿਚ ਨੌਕਰੀ ਮਿਲ ਜਾਣ ਤੇ ਜਨਰਲ ਸਕੱਤਰ ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਦੇ ਵਿਸ਼ੇਸ਼ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਨੇ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ। ਜਿਸ ਵਿਚ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਅਤੇ ਸਟਾਫ ਮੈਂਬਰ ਮੌਜੂਦ ਸਨ। ਸ. ਇੰਦਰਜੀਤ ਸਿੰਘ ਬਹੁਤ ਹੀ ਇਮਾਨਦਾਰ, ਮਿਹਨਤੀ ਅਤੇ ਯੋਗ ਵਿਅਕਤੀ ਸਨ। ਉਹ ਆਪਣਾ ਕੰਮ ਹਮੇਸ਼ਾ ਇਮਾਨਦਾਰੀ ਨਾਲ ਕਰਦੇ ਸਨ ਉਨ੍ਹਾਂ ਦੇ ਜਾਣ ਨਾਲ ਭਵਨ ਨੂੰ ਉਨ੍ਹਾਂ ਦੀ ਕਮੀ ਮਹਿਸੂਸ ਹੁੰਦੀ ਰਹੇਗੀ। ਵਿਦੇਸ਼ ਵਿਚ ਜਾਣ ਤੇ ਸ. ਜਗੀਰ ਸਿੰਘ ਲਾਲੀਆ ਪ੍ਰਧਾਨ, ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਜਨਰਲ ਸਕੱਤਰ, ਸ. ਹਰਦਿਆਲ ਸਿੰਘ ਘੋਤੜਾ ਵਿੱਤ ਸਕੱਤਰ, ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਨਿਰਮਲ ਸਿੰਘ ਪ੍ਰਬੰਧ ਸਕੱਤਰ, ਸ. ਸੁਖਿੰਦਰ ਸਿੰਘ ਪੇਲੀਆ ਕਾਰਜਕਾਰਨੀ ਮੈਂਬਰ ਅਤੇ ਸਮੂਹ ਸਟਾਫ ਮੈਂਬਰਾਂ ਵਲੋਂ ਬਹੁਤ-ਬਹੁਤ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਅੱਗੇ ਦੀ ਜ਼ਿੰਦਗੀ ਲਈ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

ਸ. ਧਰਮਵੀਰ ਸਿੰਘ ਨੇ ਬਤੌਰ ਕੇਅਰ ਟੇਕਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਤਕਰੀਬਨ 2 ਸਾਲ ਤਨ, ਮਨ ਨਾਲ ਆਪਣੀ ਸੇਵਾ ਨਿਭਾਈ ਅਤੇ ਉਨ੍ਹਾਂ ਦੇ ਨੌਕਰੀ ਛੱਡਣ ਉਪਰੰਤ ਉਨ੍ਹਾਂ ਨੂੰ ਭਵਨ ਵੱਲੋ ਵਿਦਾਇਗੀ ਪਾਰਟੀ ਦਿੱਤੀ ਗਈ। ਜਿਸ ਵਿਚ ਸ. ਜਗੀਰ ਸਿੰਘ ਲਾਲੀਆ ਪ੍ਰਧਾਨ, ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਜਨਰਲ ਸਕੱਤਰ, ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ (ਹੈੱਡਕੁਆਰਟਰ), ਗੁਲਸ਼ਨ ਕੁਮਾਰ ਸਿੰਘ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਨਿਰਮਲ ਸਿੰਘ ਪ੍ਰਬੰਧ ਸਕੱਤਰ, ਸ. ਸੁਖਿੰਦਰ ਸਿੰਘ ਪੇਲੀਆ ਕਾਰਜਕਾਰਨੀ ਮੈਂਬਰ, ਸ. ਮਨਜੀਤ ਸਿੰਘ ਲੁਬਾਣਾ ਕਾਰਜਕਾਰਨੀ ਮੈਂਬਰ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

**(ਹਰਪ੍ਰੀਤ ਕੌਰ ਪੇਲੀਆ)**
**ਜਨਰਲ ਸਕੱਤਰ**

# 27-04-2017 ਨੂੰ ਭਵਨ ਵਿਖੇ ਮਨਾਏ ਗਏ ਫਾਊਂਡੇਸ਼ਨ-ਡੇਅ ਦੀਆਂ ਵੱਖ-ਵੱਖ ਝਲਕੀਆਂ















# Executive Committee Meeting 19-05-17

















# Executive Committee Meeting 19-05-17















ਮਿਤੀ 14-05-2017 ਨੂੰ ਸੰਗਰਾਂਦ ਦੇ ਦਿਹਾੜੇ 'ਤੇ ਲਿਫ਼ਟ ਦਾ ਉਦਘਾਟਨ ਕਰਦੇ ਹੋਏ ਪ੍ਰਧਾਨ, ਜਨਰਲ ਸਕੱਤਰ ਅਤੇ ਹੋਰ ਮੈਂਬਰ ਸਾਹਿਬਾਨ।




ਮਿਤੀ 27-05-2017 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਨਗਰ ਕੀਰਤਨ 'ਤੇ ਛਬੀਲ ਦੀ ਸੇਵਾ ਕਰਦੇ ਹੋਏ ਪ੍ਰਧਾਨ ਜੀ ਅਤੇ ਹੋਰ ਮੈਂਬਰ ਸਾਹਿਬਾਨ

# ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ 'ਗੁਰੂ ਲਾਧੋ ਰੇ' ਸੰਕਰਨ ਨੂੰ ਝੁਠਲਾਉਣ ਦੀ ਬੇਤੁਕੀ ਕੋਸ਼ਿਸ਼

## ਸਮੁੱਚੇ ਸਿੱਖ ਜਗਤ ਤੇ ਖਾਸਕਰ ਲੁਬਾਣਾ ਸਿੱਖ ਭਾਈਚਾਰੇ ਵਿਚ ਭਾਰੀ ਰੋਸ




ਸਿੱਖ ਧਰਮ ਬੜਾ ਵਿਗਿਆਨਕ, ਠੋਸ ਸਬੂਤਾਂ ਸਮੇਤ ਅਮੀਰ ਇਤਿਹਾਸਕ ਵਿਰਾਸਤਾਂ ਨਾਲ ਭਰਿਆ ਹੋਇਆ ਧਰਮ ਹੈ। ਸਮੇਂ ਦੇ ਨਾਲ-ਨਾਲ ਇਸ ਵਿਚ ਬੜੀ ਪਰਪੱਕਤਾ ਆਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਿੱਖ ਧਰਮ ਅਤੇ ਸਿੱਖ ਗੁਰੂਆਂ ਨਾਲ ਸਬੰਧਤ ਵਿਗਿਆਨਕ ਅਤੇ ਧਰਾਤਲੀ ਸਬੂਤਾਂ ਨਾਲ ਲਬਰੇਜ ਕਹਾਣੀਆਂ ਅਤੇ ਸਾਖੀਆਂ ਜ਼ੁਬਾਨੀ ਤੌਰ 'ਤੇ ਪੀੜ੍ਹੀ-ਦਰ-ਪੀੜ੍ਹੀ ਸਾਡੇ ਧਰਮ ਵਿਚ ਅੱਗੇ ਤੋਂ ਅੱਗੇ ਪਹੁੰਚੀਆਂਹ ਨ ਸ਼੍ਰੋਮਣੀਕ ਮੇਟੀਹੋਂਦ ਵਿਚ ਆਉਣ ਤੋਂ ਬਾਅਦ ਇਹਨਾਂ ਵਿਰਾਸਤੀ ਧਰੋਹਰਾਂ ਨੂੰ ਅਗਲੀਆਂ ਨਸਲਾਂ ਤੱਕ ਪਹੁੰਚਾਉਣ ਲਈ ਬੜੇ ਸੁਹਿਰਦ ਯਤਨ ਹੋਏ ਹਨ। ਜਿਸ ਕਾਰਨ ਅੱਜ ਸਾਡੀ ਪੀੜ੍ਹੀ ਆਪਣੇ ਅਮੀਰ ਗੁਰ ਇਤਿਹਾਸ ਤੋਂ ਵਾਕਫ ਹੈ ਅਤੇ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਇਹਨਾਂ ਧਰੋਹਰਾਂ ਦੀ ਸਾਂਭ ਸੰਭਾਲ ਕਾਰਨ ਆਪਣੇ ਅਮੀਰ ਗੁਰ ਇਤਿਹਾਸ ਨੂੰ ਬੜੇ ਮਾਣ ਨਾਲ ਵੇਖਦੀਆਂ ਹਨ ਅਤੇ ਸਾਰਿਆਂ ਦਾ ਸਿਰ ਗੌਰਵ ਨਾਲ ਉੱਚਾ ਅਤੇ ਸ਼ਰਧਾ ਨਾਲ ਮਨ ਨੀਵਾਂ ਹੋ ਕੇ ਗੱਦ ਗੱਦ ਹੁੰਦਾ ਹੈ ਅਤੇ ਹੋਵੇਗਾ ਵੀ। ਪ੍ਰੰਤੂ ਕੁਝ ਕੁ ਲੋਕ, ਕਿਸੇ ਅਨਜਾਣ ਕਾਰਨਾਂ ਕਰਕੇ ਇਸ ਸਾਰੇ ਉੱਤੇ ਮਿੱਟੀ ਫੇਰਨਾ ਚਾਹੁੰਦੇ ਹਨ। ਆਪਣੇ ਆਪ ਨੂੰ ਗੁਰਸਿਖੀ ਦੇ ਸੇਵਾ ਕਰਨ ਵਾਲੇ ਕਹਿ ਕੇ, ਗੁਰ ਇਤਿਹਾਸ ਅਤੇ ਸਿੱਖ ਵਿਸ਼ਵਾਸਾਂ ਉੱਤੇ ਗਹਿਰੀਆਂ ਚੋਟਾਂ ਮਾਰ ਕੇ, ਸਿੱਖਾਂ ਵਿਚ ਸਦੀਆਂ ਤੋਂ ਚਲੇ ਆ ਰਹੇ ਵਿਸ਼ਵਾਸ ਉੱਤੇ ਸੱਟ ਮਾਰ ਕੇ ਜਿਥੇ ਇਤਿਹਾਸ ਨੂੰ ਖਤਮ ਕਰਨਾ ਚਾਹੁੰਦੇ ਹਨ ਉਥੇ ਭਰਾ ਮਾਰੂ ਜੰਗ ਵਰਗੇ ਖਤਰਨਾਕ ਆਲਮ ਦੇ ਸ਼ੁਰੂ ਹੋ ਜਾਣ ਦੇ ਖ਼ਤਰੇ ਤੋਂ ਵੀ ਨਹੀਂ ਡਰਦੇ।

ਇਕ ਸਿੱਖ ਦਾ ਗੁਰੂ ਨਾਨਕ ਦੇ ਘਰ ਵਿਚ ਅਨਿਨ ਅਤੇ ਡੂੰਘਾ ਵਿਸ਼ਵਾਸ, ਫਿਰ ਸਿੱਖ ਦੀ ਗੁਰ ਪਾਸ ਸੱਚੇ ਦਿਲੋਂ ਕੀਤੀ ਅਰਦਾਸ ਅਤੇ ਕਾਰਜ ਪੂਰਾ ਹੋਣ ਤੇ ਸਿੱਖ ਦਾ ਵਿਸ਼ਵਾਸ ਕਿ ਇਹ ਕਾਰਜ ਉਸ ਦੀ ਗੁਰੂ ਘਰ ਵਿਚ ਕੀਤੀ ਅਰਦਾਸ ਕਾਰਨ ਹੀ ਸੰਪੂਰਨ ਹੋਇਆ ਹੈ। ਇਹ ਹਰ ਸਿੱਖ ਨੂੰ ਗੁਰੂ ਤਾਕਤ ਤੇ ਗੁਰੂ ਪਿਆਰ ਦੀ ਤਾਕਤ ਨਾਲ ਹੋਰ ਪਰਪੱਕ ਕਰਨ ਲਈ ਅਤੇ ਗੁਰੂ ਨਾਨਕ ਦੇ ਦਰਬਾਰ ਵਿਚ ਸ਼ਰਧਾ ਰੱਖਣ ਲਈ ਹੋਰ ਪਰਪੱਕ ਕਰਦਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਦੇ ਵਪਾਰਕ ਬੇੜੇ ਦੇ ਦਰਿਆ ਜਾਂ ਸਮੁੰਦਰ ਦੀ ਬਰੇਤੀ ਵਿਚ ਫੱਸ ਜਾਣ ਅਤੇ ਡੁੱਬਣ ਤੱਕ ਦੀ ਨੌਬਤ ਆ ਜਾਣ ਕਾਰਨ, ਗੱਲ ਵਿਚ ਪੱਲਾ ਪਾ ਕੇ ਪੂਰਨ ਵਿਸ਼ਵਾਸ ਨਾਲ ਕੀਤੀ ਅਰਦਾਸ ਅਤੇ ਉਸ ਅਰਦਾਸ ਦਾ ਅਸਰ ਹੋ ਕੇ ਬੇੜੇ ਦਾ ਬੰਨੇ ਲੱਗਣਾ ਇਸ ਦੀ ਬੜੀ ਵੱਡੀ ਮਿਸਾਲ ਹੈ।



**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**

**ਗੁਰੂ ਮੇਰੇ ਸੰਗ ਸਦਾ ਹੈ ਨਾਲੈ ॥**
**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥ ਰਹਾਉ ॥**

ਉਸ ਤੋਂ ਅੱਗੇ ਸਿੱਖ ਦਾ ਇਹ ਯਕੀਨ ਕਿ ਮੇਰੀ ਗੁਰੂ ਘਰ ਕੀਤੀ ਅਰਦਾਸ ਸੁਣ ਕੇ ਹੀ, ਮੌਕੇ ਦੇ ਸੱਚੇ ਗੁਰੂ ਨੇ ਮੇਰਾ ਬੇੜਾ ਬੰਨੇ ਲਗਾਇਆ ਹੈ। ਸਮਾਂ ਪਾ ਕੇ ਗੁਰੂ ਦਾ ਸ਼ੁਕਰਾਨਾ ਕਰਨ ਲਈ 'ਬਾਬਾ ਬਕਾਲੇ' ਦੇ ਗੁਰੂ ਬਚਨ ਸੱਚੇ ਸੁਣ ਕੇ ਬਾਬੇ ਬਕਾਲੇ ਆਉਣਾ ਤੇ ਫਿਰ ਸਹੀ ਗੁਰੂ ਦੀ ਭਾਲ ਕਰ ਲੈਣੀ ਬਹੁਤ ਹੀ ਉਚ ਕੋਟੀ ਦੀ ਵਿਦਵਤਾ ਤੇ ਯਕੀਨ ਦੀ ਇੰਤਹਾ ਸੀ। ਇਤਿਹਾਸਕ ਸੱਚਾਈ ਹੈ ਕਿ ਅੱਠਵੇਂ ਪਾਤਸ਼ਾਹ ਜੀ ਦੇ ਅਗਲਾ ਗੁਰੂ ਬਾਬਾ ਬਕਾਲੇ ਦਾ ਇਸ਼ਾਰਾ ਕਰਨ ਤੇ ਗੁਰੂ ਵੰਸ਼ ਨਾਲ ਸਬੰਧਿਤ 22 ਨਕਲੀ ਗੁਰੂ ਬਾਬੇ ਬਕਾਲੇ ਆਪਣੀ ਆਪਣੀ ਮੰਜੀ ਲਗਾ ਕੇ ਭੋਲੀ ਭਾਲੀ ਸਿੱਖ ਸੰਗਤ ਨੂੰ ਲੁੱਟਣ ਲਈ ਬੈਠ ਗਏ ਸਨ। ਬਾਬੇ ਮੱਖਣ ਸ਼ਾਹ ਲੁਬਾਣੇ ਵਰਗੇ ਧਨਾਢ ਸਿੱਖ ਦਾ ਬਾਬੇ ਬਕਾਲੇ ਪਹੁੰਚ ਕੇ ਹਰ ਪਾਖੰਡੀ ਅੱਗੇ ਕੁਝ ਮੋਹਰਾਂ ਰੱਖ ਕੇ ਉਸ

ਦੀ ਪਰਖ ਕਰਨੀ ਪ੍ਰੰਤੂ ਉਸ ਪ੍ਰੀਤਮ ਦੇ ਦਰਸ਼ਨ ਨਾ ਹੋਏ ਜਿਸ ਦੀ ਤਸਵੀਰ ਉਸ ਨੇ ਸਮੁੰਦਰ ਦੇ ਵਿਚਕਾਰ ਗਲ ਵਿਚ ਪੱਲਾ ਪਾ ਕੇ ਅਰਦਾਸ ਕਰਨ ਵੇਲੇ ਚਿੱਤਰੀ ਸੀ। ਨਿਰਾਸ਼ਤਾ ਵਿਚ ਉਸ ਨੂੰ ਗੁਰੂ ਪਰਿਵਾਰ ਨਾਲ ਸਬੰਧਤ ਇਕ ਹੋਰ ਦੀ ਭੋਰੇ ਵਿਚ ਬੈਠੇ ਦੀ ਦੱਸ ਪੈਣੀ ਤੇ ਫਿਰ ਦਰਸ਼ਨ ਕਰਦਿਆਂ ਹੀ ਦਿਲ ਦਾ ਖੁਸ਼ੀ ਨਾਲ ਕੰਬ ਜਾਣਾ, ਨਜ਼ਰਾਂ ਮਿਲਦਿਆਂ ਹੀ ਰੂਹ ਸਾਰਸ਼ਾਰ ਹੋ ਜਾਣੀ। ਦਿਮਾਗ਼ ਨੇ ਕਿਹਾ ਚੱਲ ਫਿਰ ਵੀ ਪਰਖ ਲੈ। ਪੰਜ ਮੋਹਰਾਂ ਰੱਖੀਆਂ, ਗੁਰੂ ਨੇ ਕਿਹਾ ਵਾਅਦਾ ਕੁਝ ਹੋਰ ਸੀ। ਸਿੱਖ ਕਹਿੰਦਾ ਹੁਣ ਮੈਂ ਅੰਦਰ ਨਹੀਂ ਰਹਿਣ ਦੇਣਾ, ਪ੍ਰਗਟ ਕਰਕੇ ਹੀ ਦਮ ਲੈਣਾ ਹੈ। ਤੇ ਉਸ ਨੇ ਸੱਚਾ ਗੁਰੂ ਲੱਭ ਲਿਆ। ਗੁਰੂ ਲਾਧੋ ਰੇ ਗੁਰੂ ਲਾਧੋ ਰੇ ਦਾ ਹੋਕਾ ਦੇ ਦਿੱਤਾ। ਇਸ ਸਾਰੇ ਸੰਕਰਨ ਲਈ ਸਮੁੱਚਾ ਸਿੱਖ ਜਗਤ ਆਪਣੇ ਆਪ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਬੜਾ ਕਰਜ਼ਦਾਰ ਸਮਝਦਾ ਹੈ। ਖਾਸ ਕਰਕੇ ਲੁਬਾਣਾ ਸਿੱਖ ਬਰਾਦਰੀ ਆਪਣੇ ਇਸ ਵਡੇਰੇ ਦੀ ਗੁਰੂ ਘਰ ਵਿਚ ਵਿਸ਼ਵਾਸ ਅਤੇ ਯਕੀਨ ਦੀ ਇੰਤਹਾ ਤੇ ਗਰਵ ਮਹਿਸੂਸ ਕਰਦੀ ਹੈ।




ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਇਸ ਸੰਕਰਣ ਬਾਰੇ ਇਕ ਨਵਾਂ ਹੀ ਵਿਵਾਦ ਛੇੜ ਦਿੱਤਾ ਹੈ। ਉਹ ਆਪਣੀ ਬੁੱਧੀ ਤੇ ਸੋਚ ਤੇ ਅਧਾਰਤ ਇਹ ਕਹਿੰਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ ਕਦੀ ਵੀ ਭੋਰੇ ਵਿਚ ਨਹੀਂ ਰਹੇ। ਉਹ ਕਹਿੰਦੇ ਹਨ ਕਿ ਇਹ ਗੱਲ ਉਨ੍ਹਾਂ ਦੇ ਮੰਨਣ ਵਿਚ ਨਹੀਂ ਆਉਂਦੀ। ਕਿਉਂਕਿ ਗੁਰੂ ਨਾਨਕ ਸਾਹਿਬ ਨੇ ਭੋਰੇ ਜਾਂ ਇਕਾਂਤ ਵਿਚ ਜਾਂ ਦੁਨਿਆਵੀ ਕੰਮਾਂ ਕਾਜਾਂ ਤੋਂ ਦੂਰ ਹੋ ਕੇ ਪ੍ਰਭੂ ਭਗਤੀ ਕਰਨ ਤੋਂ ਸਿੱਧਾਂ ਅਤੇ ਗੋਰਖਮੱਤੀਆਂ ਨੂੰ ਵਰਜਿਆ ਸੀ। ਉਹ ਕਹਿੰਦੇ ਹਨ ਕਿ ਭੋਰਾ ਲਫ਼ਜ਼ ਗੁਰੂ ਗ੍ਰੰਥ ਵਿਚ ਨਹੀਂ ਵਰਤਿਆ ਗਿਆ ਇਸ ਲਈ ਭੋਰੇ ਵਿਚ ਕੋਈ ਕਿਵੇਂ ਬੈਠ ਸਕਦਾ ਹੈ। ਉਨ੍ਹਾਂ ਦਾ ਮਤਲਬ ਸਪੱਸ਼ਟ ਹੈ ਕਿ ਜੇਕਰ ਨੌਵੇਂ ਗੁਰੂ ਭੋਰੇ ਜਾਂ ਇਕਾਂਤ ਵਿਚ ਨਹੀਂ ਰਹੇ ਤਾਂ ਫਿਰ ਕਿਸੇ ਵੱਲੋਂ ਉਨ੍ਹਾਂ ਨੂੰ ਲੱਭਣ ਦਾ 'ਗੁਰੂ ਲਾਧੋ ਰੇ' ਦਾ ਸੰਕਰਣ ਵੀ ਝੂਠਾ ਹੈ। ਸਿੱਖ ਇਤਿਹਾਸ ਵਿਚ ਲਗਭਗ 352 ਸਾਲ ਪਹਿਲਾਂ ਹੋਈ ਇਸ ਇਤਿਹਾਸਕ ਅਤੇ ਠੋਸ ਘਟਨਾ ਨੂੰ ਹਰ ਗੁਰਸਿੱਖ ਗੁਰੂ ਉਤੇ ਸਿੱਖ ਦੇ ਪਿਆਰ ਤੇ ਵਿਸ਼ਵਾਸ ਦੀ ਇਕ ਮਿਸਾਲ ਦੇ ਤੌਰ 'ਤੇ ਪ੍ਰਵਾਨ ਕਰਦਾ ਹੈ। ਫਿਰ ਇਨ੍ਹਾਂ ਲੋਕਾਂ ਨੂੰ ਜੋ ਆਪਣੇ ਆਪ ਨੂੰ ਸਿੱਖੀ ਦਾ ਪ੍ਰਚਾਰਕ ਮੰਨਦੇ ਹਨ ਉਹ ਬਿਨਾਂ ਕਿਸੇ ਠੋਸ ਦਲੀਲ ਦੇ, ਕੁਝ ਕੁ ਬੇਤੁਕੀਆਂ ਉਦਾਹਰਣਾਂ ਦੇ ਕੇ ਕੀ ਸਾਬਤ ਕਰਨਾ ਚਾਹੁੰਦੇ ਹਨ? ਜਾਂ ਇਸ ਤਰ੍ਹਾਂ ਕਰਨ ਪਿਛੇ ਉਹਨਾਂ ਦਾ ਮੰਤਵ ਕੀ ਹੈ? ਜਾਂ ਇਸ ਤਰ੍ਹਾਂ ਉਹ ਕਿਹੜੇ ਸਿੱਖਾਂ ਨੂੰ ਸਮਝਾ ਰਹੇ ਹਨ ਜਾਂ ਕਿਹੜੀ ਮਾੜੀ ਮੱਤ ਤੋਂ ਵਰਜ ਰਹੇ ਹਨ? ਬਾਰੇ ਬੜੇ ਹੀ ਸ਼ੰਕਾ ਸ਼ੁਭੇ ਮੰਨ ਵਿਚ ਉਭਰਦੇ ਹਨ। ਇਸ ਗੱਲ ਨੂੰ ਨਾ ਮੰਨਣਾ ਕਿ ਗੁਰੂ ਜੀ ਭੋਰੇ ਵਿਚ ਬੈਠੇ ਸਨ, ਭੋਰੇ ਵਿਚ ਬੈਠਣ ਲਫਜ਼ ਤੇ ਜ਼ੋਰ ਦੇ ਕੇ ਉਸ ਨੂੰ ਖੰਡਨ ਕਰਨਾ ਕਿਤੇ ਵੀ ਸਮਝਦਾਰੀ ਨਹੀਂ ਹੈ। ਲਫ਼ਜ਼ਾਂ ਦੀ ਵਰਤੋਂ ਅਨੁਸਾਰ ਉਹਨਾਂ ਦੇ ਅਰਥ ਬਦਲਦੇ ਰਹਿੰਦੇ ਹਨ। ਲਫ਼ਜ਼ਾਂ ਦੀ ਉਸ ਚੱਲ ਰਹੇ ਸਮੇਂ ਤੇ ਬੋਲੀ ਵਿਚ ਵਰਤੋਂ, ਅੱਜ ਦੇ ਸਮੇਂ ਵਿਚ ਕੋਈ ਹੋਰ ਮਤਲਬ ਕੱਢ ਸਕਦੀ ਹੈ। ਸਮੁੱਚੇ ਬਾਬਾ ਬਕਾਲਾ ਪ੍ਰਾਕਰਨ ਵਿਚ ਇਹ ਸੱਚਾਈ ਨੂੰ ਮੰਨ ਲੈਣਾ ਕੋਈ ਗਲਤੀ ਨਹੀਂ ਕਿ ਭੋਰੇ ਤੋਂ ਭਾਵ ਗੁਰੂ ਜੀ ਵੱਲੋਂ ਦੁਨਿਆਵੀ ਰੋਲੇ ਰੱਪੇ ਤੋਂ ਕਿਨਾਰਾ ਕਰਕੇ ਇਕਾਂਤ ਵਿਚ ਭਗਤੀ ਕਰਨਾ ਹੈ। ਜੇਕਰ ਉਹ ਥਾਂ ਧਰਤੀ ਦੀ ਸਤਹ ਤੋਂ ਕੁਝ ਨੀਵਾਂ ਹੈ ਤਾਂ ਉਸ ਨੂੰ ਭੋਰਾ ਕਹਿ ਲਿਆ ਜਾਂਦਾ ਹੈ। ਕੀ ਗੁਰੂ ਤੇਗ ਬਹਾਦਰ ਜੀ ਦਾ ਸਮਤਲ ਧਰਤੀ ਤੋਂ ਕੁਝ ਨੀਵੀਂ ਧਰਤੀ ਤੇ ਬੈਠ ਕੇ ਇਕਾਂਤ ਵਿਚ ਭਗਤੀ ਕਰਨਾ ਉਹਨਾਂ ਨੂੰ ਗੁਰੂ ਨਾਨਕ ਦੇ ਆਸ਼ੇ ਦੇ ਉਲਟ ਗਿਆ ਦਰਸਾਉਂਦਾ ਹੈ। ਬਿਲਕੁਲ ਸਹੀ ਨਹੀਂ ਹੈ। ਇਨ੍ਹਾਂ ਪ੍ਰਚਾਰਕਾਂ ਵਾਸਤੇ ਸਿੱਖੀ ਅਤੇ ਗੁਰੂ ਦਾ ਪ੍ਰਚਾਰ ਕਰਨ ਲਈ ਹਾਂ ਪੱਖੀ ਬੜਾ ਕੁਝ ਕਰਨ ਨੂੰ ਪਿਆ ਹੈ। ਤੁਸੀਂ ਸਿੱਖ ਪ੍ਰਚਾਰਕ ਹਾਂ ਪੱਖ ਵੱਲ ਧਿਆਨ ਰੱਖੋ ਪ੍ਰੰਤੂ ਨੁਕਸ ਕੱਢਣੇ, ਨਾਂਹਪੱਖੀ ਬੋਲ ਕੇ ਆਪਣੀ ਜਾਤ ਨੂੰ ਚਮਕਾਉਣਾ, ਇਤਿਹਾਸ ਨੂੰ ਝੁਠਲਾਉਣਾ, ਉਸ ਨਾਲ ਕੁਝ ਬਹੁਤਾ ਪ੍ਰਾਪਤ ਨਹੀਂ ਹੋਣਾ। ਵਿਵਾਦ ਹੀ ਵਧਣੇ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪੈਰੋਕਾਰ ਅਤੇ ਸਮੁੱਚੀ ਲੁਬਾਣਾ ਬਰਾਦਰੀ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਇਸ ਵਿਚਾਰ ਨਾਲ ਬਿਲਕੁਲ ਸਹਿਮਤ ਨਹੀਂ। ਇਸ ਨੂੰ ਸਿੱਖ ਸੰਗਤਾਂ ਅਤੇ ਗੁਰੂ ਘਰ ਲਈ ਇਕ ਨਾਂਹਵਾਚਕ ਅਤੇ ਪਿਛਾਂਹਖਿੱਚੂ ਸੰਦੇਸ਼ ਹੀ ਸਮਝਦੀਆਂ ਹਨ। ਸੰਗਤਾਂ ਕਿਸੇ ਨੂੰ ਵੀ ਗੁਰੂ ਲਾਧੋ ਰੇ ਸੰਕਰਣ ਅਤੇ ਉਸ ਵਿਚ ਵਿਸ਼ਵਾਸ ਨੂੰ ਤੋੜਨ ਦੀ ਇਜਾਜ਼ਤ ਨਹੀਂ ਦੇਂਦੀਆਂ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਇਸ ਕੋਸ਼ਿਸ਼ ਦੀ ਭਰਪੂਰ ਨਿੰਦਾ ਕਰਦੀ ਹੈ।

**ਕਹਾਣੀ**

# ਬਚਪਨ ਵਿਕਾਊ ਹੈ

**ਡਾ. ਤੇਜਿੰਦਰ ਹਰਜੀਤ**

ਦਸਾਂ ਕੁ ਵਰ੍ਹਿਆਂ ਦਾ ਪੱਪੂ ਸ਼ਿੰਕ ਦੀ ਟੂਟੀ ਤੱਕ ਪਹੁੰਚਣ ਲਈ ਪੈਰਾਂ ਹੇਠਾਂ ਇਕ ਲੱਕੜ ਦਾ ਸਟੂਲ ਰੱਖ ਕੇ ਭਾਂਡੇ ਮਾਂਜ ਰਿਹਾ ਸੀ। ਭਾਂਡੇ ਮਾਂਜਦਿਆਂ ਉਹ ਉਚੀ-ਉਚੀ ਗਾ ਰਿਹਾ ਸੀ ਤੇ ਮਟਕ ਵੀ ਰਿਹਾ ਸੀ। ਅੱਜ ਉਹ ਬੜਾ ਖੁਸ਼ ਸੀ ਸ਼ਾਇਦ ਅੱਜ ਪਹਿਲਾ ਦਿਨ ਸੀ ਕਿ ਪੱਪੂ ਨੂੰ ਮਿਸਿਜ਼ ਭੱਲਾ ਤੋਂ ਨਾ ਤਾਂ ਕੋਈ ਝਿੜਕ ਮਿਲੀ ਸੀ ਤੇ ਨਾ ਹੀ ਚਪੇੜ ਪਈ ਸੀ। ਪੈਂਦੀ ਵੀ ਕਿੱਦਾਂ ਅੱਜ ਤਾਂ ਸਵੇਰ ਦੇ ਹੀ ਮਿਸਿਜ਼ ਭੱਲਾ ਕਿਸੇ ਦੇ ਘਰ ਵਿਆਹ ਖਾਣ ਗਏ ਹੋਏ ਸੀ। ਵੈਸੇ ਭੱਲਾ ਸਾਹਿਬ ਤਾਂ ਘਰੇ ਹੀ ਸਨ ਪਰ ਪੱਪੂ ਨੂੰ ਉਨ੍ਹਾਂ ਤੋਂ ਕਦੇ ਘੱਟ ਹੀ ਝਿੜਕਾਂ ਪਈਆਂ ਸਨ।

ਮਸਤੀ ਵਿੱਚ ਭਾਂਡੇ ਧੋਂਦਿਆਂ ਪੱਪੂ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਮਿਸਿਜ਼ ਭੱਲਾ ਅੰਦਰ ਰਸੋਈ ਵਿੱਚ ਵੜੀ ਤੇ ਪੱਪੂ ਨੂੰ ਕੜਕ ਕੇ ਬੋਲੀ, "ਤੈਥੋਂ ਚੁੱਪ ਕਰਕੇ ਕੰਮ ਨਹੀਂ ਹੁੰਦਾ।" ਪੱਪੂ ਅਵਾਜ਼ ਸੁਣ ਕੇ ਤ੍ਰਬਕ ਗਿਆ, ਉਸ ਦਾ ਪੈਰ ਥਿੜਕਿਆ, ਉਸ ਦੇ ਹੱਥ ਭਾਂਡਿਆਂ ਦੇ ਟੋਕਰੇ ਵਿੱਚ ਵੱਜੇ, ਲੋਹੇ ਦਾ ਟੋਕਰਾ ਠਾਹ ਕਰਕੇ ਫਰਸ਼ 'ਤੇ ਆਣ ਡਿੱਗਾ, ਪੱਪੂ ਭਾਂਡਿਆਂ ਵਿਚਕਾਰ ਡਿੱਗ ਪਿਆ ਤੇ ਕੱਚ ਦੇ ਗਲਾਸ ਟੁੱਟ ਗਏ। ਮਿਸਿਜ਼ ਭੱਲਾ ਨੇ ਪੱਪੂ ਨੂੰ ਗਲਮੇ ਤੋਂ ਫੜ ਕੇ ਖੜਾ ਕੀਤਾ ਤੇ ਕਾੜ ਕਰਦੀ ਇਕ ਹੋਰ ਚਪੇੜ ਪੱਪੂ ਦੇ ਮੂੰਹ 'ਤੇ ਮਾਰੀ, "ਸਤਿਆਨਾਸ ਹੋਵੇ ਤੇਰਾ, ਮੇਰੇ ਸੈਟ ਨਾਲ ਦੇ ਦੋ ਗਲਾਸ ਤੋੜ ਦਿੱਤੇ ਈ-ਖਸਮਾਂ ਨੂੰ ਖਾਣਿਆਂ ਓਨੀ ਤੇਰੀ ਤਨਖਾਹ ਨਹੀਂ ਜਿੰਨੇ ਤੂੰ ਭਾਂਡੇ ਤੋੜਦੈਂ।" ਫੇਰ ਗੁੱਸੇ ਨਾਲ ਧੂਹ ਕੇ ਉਹਨੂੰ ਬਾਹਰ ਲੈ ਆਈ।" ਚੱਲ ਦਫ਼ਾ ਹੋ ਜਾ ਤੈਨੂੰ ਭਾਂਡੇ ਮਾਂਜਣ ਲਈ ਰੱਖਿਐ ਤੋੜਨ ਲਈ ਨਹੀਂ।"

ਸ਼ੋਰ ਸ਼ਰਾਬਾ ਸੁਣ ਕੇ ਭੱਲਾ ਸਾਹਿਬ ਬਾਹਰ ਆਏ ਤੇ ਕਹਿਣ ਲੱਗੇ, "ਕੀ ਹੋਇਆ ਕੁਲਦੀਪ ਆਉਂਦਿਆਂ ਹੀ ਕਲਪਣ ਲੱਗ ਪਈ ਏਂ-ਕੀ ਕੀਤਾ ਈ ਪੱਪੂ ਨੇ?"

ਪੱਪੂ ਦੇ ਹੱਥਾਂ 'ਚੋਂ ਲਹੂ ਸਿੰਮ ਰਿਹਾ ਸੀ ਤੇ ਦੁਬਕਿਆਂ ਜਿਹਾ ਖੜਾ ਸੀ। ਲਹੂ ਦੇ ਕੁਝ ਛਿੱਟੇ ਮਿਸਿਜ਼ ਭੱਲਾ ਦੀ ਰੇਸ਼ਮੀ ਸਾੜ੍ਹੀ 'ਤੇ ਵੀ ਪੈ ਗਏ ਸਨ। ਸਾੜ੍ਹੀ 'ਤੇ ਛਿੱਟੇ ਵੇਖ ਕੇ ਤਾਂ ਮਿਸਿਜ਼ ਭੱਲਾ ਤੜਫ਼ ਉਠੀ। ਕਚੀਚੀਆਂ ਵੱਟ ਕੇ ਬੁਰੀ ਤਰ੍ਹਾਂ ਝੰਜੋੜਿਆ ਤੇ ਦੋ ਤਿੰਨ ਚਪੇੜਾਂ ਹੋਰ ਜੜ੍ਹ ਦਿੱਤੀਆਂ, "ਆਹ ਹੁਣ ਮੇਰੀ ਸਾੜ੍ਹੀ ਤੇਰੇ ਪਿਓ ਨੇ ਡਰਾਈਕਲੀਨ ਕਰਵਾ ਕੇ ਦੇਣੀ ਆ?"

"ਕੁਲਦੀਪ ਕੋਈ ਗੱਲ ਨਹੀਂ ਹੁਣ ਜੋ ਹੋਣਾ ਸੀ ਹੋ ਗਿਆ ਪਹਿਲਾਂ ਏਹਦੇ ਪੱਟੀ ਕਰਵਾਉਣੀ ਪਊ।"

"ਹਾਂ-ਹਾਂ ਜਾਓ ਕਰਵਾਓ ਪੱਟੀਆਂ, ਹੁਣ ਡਾਕਟਰਾਂ ਨੂੰ ਵੀ ਪੂਜ ਆਓ। ਤੁਸਾਂ ਈ ਵਿਗਾੜਿਆ ਇਸ ਮੁੰਡੇ ਨੂੰ, ਨੌਕਰ ਨੂੰ ਨੌਕਰ ਤਾਂ ਤੁਹਾਨੂੰ ਸਮਝਣਾ ਹੀ ਨਹੀਂ ਆਉਂਦਾ, ਪੱਟੀਆਂ ਕਰਵਾਉਣੀਆਂ ਵੱਡੇ ਲਾਟ ਸਾਹਬ ਦੀਆਂ। ਕੋਈ ਲੋੜ ਨਹੀਂ ਇਹਨੂੰ ਕਹੋ ਕਿ ਨਲਕੇ ਤੋਂ ਮੂੰਹ ਹੱਥ ਧੋ ਲਵੇ। ਬਾਕੀ ਬਾਅਦ ਵਿੱਚ ਵੇਖੀ ਜਾਊ।"

ਪੱਪੂ ਦੇ ਹੱਥ 'ਚੋਂ ਸਿੰਮਦੇ ਲਹੂ ਦੇ ਤੁਪਕੇ ਫਰਸ਼ 'ਤੇ ਵੀ ਡਿੱਗ ਰਹੇ ਸਨ। ਇਹ ਵੇਖ ਕੇ ਬੋਲੀ, "ਜਾਉ ਲੈ ਜਾਉ ਸੁ ਇਹਨੂੰ ਪੱਟੀ ਕਰਵਾਉਣ। ਹੁਣ ਫਰਸ਼ ਵੀ ਧੋਣਾ ਪੈਣਾ।" ਪੱਪੂ ਦੇ ਦਰਦ ਹੋ ਰਹੀ ਸੀ ਪਰ ਉਸ ਦੀਆਂ ਅੱਖਾਂ ਵਿੱਚ ਅੱਥਰੂ ਨਹੀਂ ਸਨ।

ਭੱਲਾ ਸਾਹਬ ਪੱਪੂ ਨੂੰ ਲੈ ਕੇ ਬਾਹਰ ਚਲੇ ਗਏ। ਮਿਸਿਜ਼ ਭੱਲਾ ਆਪਣੀ ਕਿਸਮਤ ਨੂੰ ਕੋਸਣ ਲੱਗੀ। "ਹੁਣ ਭਾਂਡੇ ਵੀ ਦੁਬਾਰਾ ਧੋਣੇ ਪੈਣੇ ਨੇ, ਮੇਰੀ ਕਿਸਮਤ ਵਿੱਚ ਨੌਕਰ ਦਾ ਸੁੱਖ ਤਾਂ ਹੈ ਈ ਨਹੀਂ।"

"ਆਹੋ ਭੈਣ ਜੀ, ਹੁਣ ਤੁਹਾਡੇ ਤੋਂ ਕਾਹਦਾ ਲੁਕਾਅ ਏ। ਇਹ ਮੁਸੀਬਤ ਮੇਰੀ ਜਠਾਣੀ ਨੇ ਮੇਰੇ ਗਲ ਪਾਈ ਏ। ਇਹ ਦੋ ਭੈਣ ਭਰਾ ਨੇ। ਇਨ੍ਹਾਂ ਦਾ ਪਿਓ ਮੇਰੇ ਜੇਠ ਦੀ ਟਰਾਂਸਪੋਰਟ ਕੰਪਨੀ ਵਿੱਚ ਕੰਮ ਕਰਦਾ ਸੀ। ਐਕਸੀਡੈਂਟ ਵਿੱਚ ਲੱਤ ਤੁੜਾ ਬੈਠਾ। ਇਕ ਕੰਮੋ ਗਿਆ ਉਤੋਂ ਸ਼ਰਾਬ ਦੀ ਆਦਤ। ਉਹਦੀ ਘਰਵਾਲੀ ਮੇਰੀ ਜਠਾਣੀ ਦੇ ਪੈਰੀਂ ਪੈ ਗਈ ਕਿ ਉਹਦੇ ਬੱਚਿਆਂ ਨੂੰ ਨੌਕਰ ਰੱਖ ਲਵੇ। ਬੱਸ ਮੇਰੀ ਜਠਾਣੀ ਨੇ ਉਹਦੀ ਬਾਰਾਂ ਕੁ ਵਰ੍ਹਿਆਂ ਦੀ ਕੁੜੀ ਨੂੰ ਆਪਣੇ ਘਰ ਰੱਖ ਲਿਆ ਤੇ ਮੈਨੂੰ ਫ਼ੋਨ ਕਰਕੇ ਕਹਿਣ ਲੱਗੀ" ਪਤਾ ਲੱਗਾ ਏ ਕਿ ਤੁਹਾਡਾ ਪਹਿਲਾ ਨੌਕਰ ਭੱਜ ਗਿਆ ਏ ਜੇ ਆਖੋ ਤਾਂ ਇਕ ਮੁੰਡੂ ਘੱਲ ਦਿਆਂ-ਤੇ ਮੈਨੂੰ ਲੋੜ ਸੀ ਮੈਂ ਝਟਪਟ ਕਹਿ ਦਿੱਤਾ, "ਤੁਸੀਂ ਕਾਹਨੂੰ ਘਲਣਾ ਤੁਹਾਡਾ ਦਿਉਰ ਆ ਕੇ ਲੈ ਜਾਵੇਗਾ", ਤੇ ਇਹ ਜਾ ਕੇ ਲੈ ਆਏ। "ਉਦਾਂ ਕੰਮ ਤੇ ਕਰ ਲੈਂਦਾ ਏ। ਵੇਖੋ ਭੈਣ ਜੀ ਹੁਣ ਕੰਮ ਲਈ ਹੀ ਤਾਂ ਲਿਆਂਦਾ ਏ, ਨਾਲੇ ਮੇਰੀ ਆਦਤ ਏ ਕਿ ਮੈਂ ਇਹਨੂੰ ਵਿਹਲਾ ਨਹੀਂ ਬਹਿਣ ਦਿੰਦੀ। ਸਾਰਾ ਕੰਮ ਏਥੇ ਆ ਕੇ ਹੀ ਸਿੱਖਿਆ। ਕੋਲ ਖਲੋ ਕੇ ਸਫ਼ਾਈਆਂ ਕਰਾਉਣੀਆਂ ਪੈਂਦੀਆਂ, ਕੁੱਟ ਵੀ ਬੜੀ ਖਾਂਦੈ। ਓਦਾਂ ਵੀ ਸਿਆਣੇ ਆਂਹਦੇ ਹੁੰਦੇ ਆ ਰੰਬੇ ਤੇ ਮੁੰਡੇ ਚੰਡਿਆਂ ਹੀ ਠੀਕ ਰਹਿੰਦੇ ਨੇ, ਮੈਂ ਤੇ ਹੁਣ ਸਵੇਰੇ ਉਠ ਕੇ ਇਕ ਚਪੇੜ ਲਾ ਹੀ ਦਿਆ ਕਰਨੀ ਏ। ਸਾਰਾ ਦਿਨ ਤੇ ਸਿੱਧਾ ਰਹੂ , ਖਸਮਾ ਖਾਣੇ ਦਾ ਖੇਡਣ 'ਚ ਬੜਾ ਧਿਆਨ ਏ। ਬਾਹਰ ਬੱਚਿਆਂ ਨੂੰ ਖੇਡਦਿਆਂ ਵੇਖਣ ਲੱਗ ਪੈਂਦਾ, ਕੰਮ ਛੱਡ ਕੇ, ਭੈਣ ਜੀ ਕੰਮ ਛੱਡ ਕੇ, ਫੇਰ ਮੈਨੂੰ ਦੋ ਚਾਰ ਲਾਉਣੀਆਂ ਪੈਂਦੀਆਂ। ਤੁਸੀਂ ਆਪ ਦੱਸੋ ਪਈ ਇਹਨੂੰ ਖੇਡਣ ਲਈ ਲਿਆਂਦਾ ਕਿ ਕੰਮ ਕਰਨ ਲਈ।" ਮਿਸਿਜ਼ ਭੱਲਾ ਇਕੋ ਸਾਹੇ ਬੋਲੀ ਜਾ ਰਹੀ ਸੀ।

"ਤੇ ਇਹਦੀ ਭੈਣ ਜਿਹੜੀ ਮੇਰੀ ਜਠਾਣੀ ਨੇ ਆਪ ਰੱਖ ਲਈ, ਘਰ ਦਾ ਸਾਰਾ ਈ ਕੰਮ ਕਰਦੀ ਆ। ਜਠਾਣੀ ਮੇਰੀ ਉਹਨੂੰ ਰੱਖਦੀ ਵੀ ਕੱਸ ਕੇ ਐ। ਫਰਸ਼ ਤਾਂ ਏਦਾਂ ਸਾਫ਼ ਕਰਦੀ ਐ ਭਾਵੇਂ ਵਿੱਚੋਂ ਮੂੰਹ ਵੇਖ ਲਓ। ਹੁਣ ਤੇ ਫੁਲਕੇ ਵੀ ਫੁਲਾ-ਫੁਲਾ ਕੇ ਲਾਹੁੰਦੀ ਏ। ਮੇਰੀ ਜਠਾਣੀ ਨੇ ਉਹਦੇ ਮਾਂ ਪਿਉ ਨੂੰ ਲਾਰਾ ਲਾਇਆ ਕਿ ਉਹਦਾ ਵਿਆਹ ਵੀ ਓਹੀਓ ਕਰੇਗੀ। ਪਰ ਗੱਲਾਂ 'ਚ ਮੈਨੂੰ ਦੱਸ ਬੈਠੀ ਪਈ ਉਨ੍ਹਾਂ ਨੇ ਇਹਦਾ ਵਿਆਹ ਕਰਨਾ ਹੀ ਕਿਉਂ ਹੋਇਆ। ਵਿਆਹ ਕਰ ਦਿੱਤਾ ਤਾਂ ਉਹਦਾ ਕੰਮ ਕੌਣ ਕਰੂ। ਵੇਖਿਆ ਕਿੰਨੀ ਚਾਤਰ ਐ।"

"ਮੈਂ ਤੇ ਕਹਿਨੀ ਆ ਬੜੀ ਸਿਆਣੀ ਤੇ ਦੂਰ ਦੀ ਸੋਚਣ ਆਲੀ ਆ ਤੁਹਾਡੀ ਜਠਾਣੀ। ਸਫਾਈ ਤਾਂ ਉਦਾਂ ਤੁਹਾਡੇ ਘਰ ਵੀ ਬਥੇਰੀ ਆ। ਤੁਹਾਡਾ

ਮੁੰਡੂਚ ਾਹਵ ਿਬ ਫ਼ੀਸ_ਆਦੀਬ ਣਾਉਂਦਾ।ਨ ਾਸ ੱਚਚ ਾਹਤੋਂਯ ਾਦ ਆਇਆ, ਮੈਂ 'ਤੇ ਗੈਸ ਦਾ ਸਲੰਡਰ ਪੁੱਛਣ ਆਈ ਸਾਂ ਜਿਉਂ ਹੀ ਗੈਸ ਤੇ ਚਾਹ ਰੱਖੀ, ਗੈਸ ਮੁੱਕ ਗਈ। ਮੈਂ ਕਿਹਾ ਤੁਹਾਡੇ ਕੋਲੋਂ ਸ਼ਾਇਦ ਮਿਲ ਜਾਵੇ।" ਇਹ ਸੁਣ ਕੇ ਮਿਸਿਜ਼ ਭੱਲਾ ਦਾ ਚਿਹਰਾ ਹੀ ਬਦਲ ਗਿਆ। "ਲਓ ਦੱਸੋ ਜੇ ਹੁੰਦਾ ਤਾਂ ਤੁਹਾਨੂੰ ਨਾਂਹ ਕਰਨੀ ਸੀ ਅਜੇ ਪਰਸੋਂ ਹੀ ਲਾਇਆ, ਦੂਜਾ ਹਾਲੇ ਬੁੱਕ ਕਰਾਉਣਾ।"

"ਚੰਗਾ ਫੇਰ ਮੈਂ ਚੱਲਦੀ ਆਂ। ਕਿਸੇ ਹੋਰ ਤੋਂ ਪੁੱਛ ਵੇਖਾਂ ਪਰ ਕਿਸੇ ਨਹੀਂ ਦੇਣਾ। ਕੋਈ ਦਿਲ ਵਾਲੀ ਦੇ ਸਕਦੀ ਏ ਸਲੰਡਰ।" ਫੇਰ ਸੋਚਣ ਲੱਗੀ, "ਮੇਰੇ ਕੋਲ ਹੁੰਦਾ ਤੇ ਮੈਂ ਕਿਹੜਾ ਦੇਣਾ ਸੀ।" ਕਮੀਨੀ ਨੇ ਚਾਹ ਵੀ ਨਹੀਂ ਪੁੱਛੀ।" ਅਜਮੇਰ ਕੌਰ ਬੁੜਬੁੜ ਕਰਦੀ ਚਲੀ ਗਈ।

ਭੱਲਾ ਸਾਹਬ ਪੱਪੂ ਨੂੰ ਪੱਟੀ ਕਰਾ ਕੇ ਜਦੋਂ ਘਰ ਵਾਪਿਸ ਆਉਣ ਲੱਗੇ ਤਾਂ ਪੱਪੂ ਨੇ ਵਾਪਿਸ ਆਉਣ ਤੋਂ ਨਾਂਹ ਕਰ ਦਿੱਤੀ। ਮੈਂ ਨਹੀਂ ਜਾਣਾ ਆਂਟੀ ਮਾਰਦੇ ਆ।" ਭੱਲਾ ਸਾਹਬ ਨੇ ਬਥੇਰਾ ਸਮਝਾਇਆ ਪਰ ਪੱਪੂ ਨਾ ਹੀ ਮੰਨਿਆ ਤੇ ਆਖਰ ਉਹ ਪੱਪੂ ਨੂੰ ਉਸ ਦੇ ਮਾਪਿਆਂ ਕੋਲ ਛੱਡਣ ਚਲੇ ਗਏ। ਜਦੋਂ ਪੱਪੂ ਦੇ ਘਰ ਪਹੁੰਚੇ ਤਾਂ ਪੱਪੂ ਦੀ ਮਾਂ ਅਜੇ ਕੰਮ ਤੋਂ ਆਈ ਹੀ ਸੀ, ਪਿਉ ਸ਼ਰਾਬ ਪੀ ਕੇ ਮੰਜੇ ਤੇ ਪਿਆ ਹੋਇਆ, ਪੱਪੂ ਦੀ ਮਾਂ ਨੂੰ ਗਾਲ੍ਹਾਂ ਕੱਢ ਰਿਹਾ ਸੀ ਕਿ ਰੋਟੀ ਲੇਟ ਕਿਉਂ ਹੋ ਗਈ, ਜਦੋਂ ਉਸ ਦੀ ਨਜ਼ਰ ਪੱਪੂ 'ਤੇ ਪਈ ਤਾਂ ਵੇਖ ਕੇ ਕਹਿਣ ਲੱਗਾ, "ਤਨਖਾਹ ਲੈ ਆਇਆ, ਲਿਆ ਮੈਨੂੰ ਫੜਾ ਆਪਣੀ ਮਾਂ ਨੂੰ ਨਾ ਫੜਾਈਂ।"

ਭੱਲਾ ਸਾਹਬ ਇਹ ਸੁਣ ਕੇ ਜ਼ਰਾ ਤਲਖੀ ਨਾਲ ਬੋਲੇ, "ਹਾਲੇ ਮਹੀਨਾ ਪੂਰਾ ਨਹੀਂ ਹੋਇਆ। ਇਹ ਸਾਡਾ ਕੰਮ ਛੱਡ ਆਇਆ। ਇਹਨੂੰ ਸਮਝਾ ਦਿਓ ਮੈਂ ਕੱਲ੍ਹ ਨੂੰ ਲੈ ਜਾਵਾਂਗਾ ਤੇ ਮਹੀਨਾ ਪੂਰਾ ਹੋਣ ਤੇ ਇਹਦੀ ਬਣਦੀ ਤਨਖਾਹ ਵੀ ਦੇ ਜਾਵਾਂਗਾ।" ਭੱਲਾ ਸਾਹਬ ਤਾਕੀਦ ਕਰਕੇ ਚਲੇ ਗਏ।

ਪੱਪੂ ਦੇ ਪਿਓ ਨੇ ਲੜਖੜਾਉਂਦੇ ਉਠ ਕੇ ਪੱਪੂ ਨੂੰ ਕੰਨੋਂ ਫੜ ਕੇ ਆਖਿਆ, "ਓਏ ਤੂੰ ਕੰਮ ਛੱਡ ਕੇ ਆ ਗਿਐਂ। ਚੱਲ ਵਾਜ ਮਾਰ ਤੇ ਭੱਲਾ ਸਾਹਬ ਦੇ ਨਾਲ ਹੀ ਮੁੜ ਜਾ। ਤਨਖਾਹ ਲੈ ਕੇ ਹੀ ਮੁੜੀਂ।" ਪਰ ਪੱਪੂ ਨੇ ਕਿਹਾ, "ਮੈਂ ਹੁਣ ਉਥੇ ਕਦੇ ਨਹੀਂ ਜਾਣਾ, ਕਦੇ ਨਹੀਂ ਜਾਣਾ।

"ਕੀ ਕਿਹਾ ਕਦੇ ਨਹੀਂ ਜਾਣਾ।" ਬਾਪ ਨੇ ਕੱਸ ਕੇ ਇਕ ਚਪੇੜ ਕੱਢ ਮਾਰੀ। ਮਾਂ ਉਸ ਨੂੰ ਸਮਝਾਉਣ ਲੱਗੀ, "ਨਾ ਪੁੱਤ, ਜੇ ਜਾਏਂਗਾ ਨਹੀਂ ਤੇ ਖਾਏਂਗਾ ਕੀ? ਚੱਲ ਮੇਰਾ ਪੁੱਤ ਅੱਜ ਦੀ ਰਾਤ ਰਹਿ ਜਾ ਭਲਕੇ ਲੈਣ ਆਉਣਗੇ ਤਾਂ ਜ਼ਰੂਰ ਚਲਿਆ ਜਾਈਂ।

"ਮੈਂ ਇਕ ਵਾਰੀ ਕਹਿ ਦਿੱਤਾ ਕਿ ਮੈਂ ਨਹੀਂ ਜਾਣਾ, ਨਹੀਂ ਜਾਣਾ, ਨਹੀਂ ਜਾਣਾ।" "ਜੇ ਤੂੰ ਨਹੀਂ ਜਾਣਾ ਤਾਂ ਇੱਥੇ ਵੀ ਨਹੀਂ ਰਹਿਣ ਦੇਣਾ।" ਪਿਓ ਨੇ ਗੁੱਸੇ ਵਿੱਚ ਦੋ ਚਪੇੜਾਂ ਹੋਰ ਜੜ ਦਿੱਤੀਆਂ।

"ਹਾਂ, ਹਾਂ ਏਥੇ ਵੀ ਨਹੀਂ ਰਹਿਣਾ।" ਪੱਪੂ ਗੁੱਸੇ ਵਿੱਚ ਡੁਸਕਦਾ ਹੋਇਆ ਘਰੋਂ ਬਾਹਰ ਦੌੜ ਗਿਆ। ਮਾਂ ਪਿੱਛੋਂ ਵਾਜਾਂ ਮਾਰਦੀ ਰਹਿ ਗਈ।

ਬਾਪ ਨੇ ਗੁੱਸੇ ਨਾਲ ਕਿਹਾ, "ਜਾਣ ਦੇ ਆਪੇ ਧੱਕੇ ਖਾ ਕੇ ਮੁੜ ਆਵੇਗਾ।

ਪੱਪੂ ਦਾ ਜੀਅ ਕੀਤਾ ਉਹ ਭੈਣ ਕੋਲ ਜਾਵੇ ਪਰ ਉਸ ਨੂੰ ਡਰ ਸੀ ਕਿ ਜੇ ਉਹ ਉਥੇ ਗਿਆ ਤਾਂ ਉਨ੍ਹਾਂ ਨੇ ਮਿਸਿਜ਼ ਭੱਲਾ ਨੂੰ ਦੱਸ ਦੇਣਾ ਏ। ਪੱਪੂ ਇੰਝ ਸੋਚਾਂ ਸੋਚਦਾ ਸਟੇਸ਼ਨ ਕੋਲ ਆ ਗਿਆ। ਸਟੇਸ਼ਨ ਦੇ ਬਾਹਰ ਉਸ ਦੀ ਬਸਤੀ ਦੇ ਕੁਝ ਮੁੰਡੇ ਬੂਟ ਪਾਲਸ਼ ਕਰਦੇ ਹੁੰਦੇ ਸਨ। ਪੱਪੂ ਉਨ੍ਹਾਂ ਨੂੰ ਲੱਭਦਾ-ਲੱਭਦਾ ਸਟੇਸ਼ਨ 'ਤੇ ਪਹੁੰਚ ਗਿਆ। ਇੰਝ ਰਾਤ ਪੈ ਗਈ ਪਰ ਉਸ ਨੂੰ ਆਪਣੀ ਬਸਤੀ ਦੇ ਮੁੰਡੇ ਕਿਤੇ ਨਾ ਲੱਭੇ। ਹੁਣ ਤਾਂ ਭੁੱਖ ਵੀ ਲੱਗ ਗਈ ਸੀ। ਪਰ ਉਸ ਨੂੰ ਲੱਗਿਆ ਕਿ ਕੋਈ ਉਸ ਨੂੰ ਏਥੇ ਲੱਭਣ ਨਾ ਆ ਜਾਏ।

ਏਨੇ ਨੂੰ ਸਟੇਸ਼ਨ 'ਤੇ ਇਕ ਗੱਡੀ ਆ ਗਈ। ਮੁਸਾਫਰਾਂ ਵਿੱਚ ਹਫੜਾ-ਦਫੜੀ ਫੈਲ ਗਈ। ਪੱਪੂ ਨੇ ਆਸੇ-ਪਾਸੇ ਵੇਖਿਆ ਤੇ ਕਾਹਲੀ ਨਾਲ ਉਹ ਸਾਹਮਣੇ ਵਾਲੇ ਡੱਬੇ ਵਿੱਚ ਚੜ੍ਹ ਗਿਆ। ਗੱਡੀ ਚੱਲ ਪਈ, ਪਰ ਉਸ ਨੂੰ ਪਤਾ ਹੀ ਨਹੀਂ ਸੀ, ਉਹ ਕਿੱਧਰ ਜਾ ਰਹੀ ਏ ਤੇ ਉਸ ਕਿੱਥੇ ਜਾਣਾ ਏ?

# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 67ਵੀਂ ਸਲਾਨਾ ਬਰਸੀ 'ਤੇ ਪਹੁੰਚਣ ਲਈ ਸਨਿਮਰ ਬੇਨਤੀ

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 17 ਜੂਨ 2017, ਦਿਨ ਸ਼ਨੀਵਾਰ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 67ਵੀਂ ਸਲਾਨਾ ਬਰਸੀ ਸਵੇਰੇ 10.00 ਵਜੇ ਤੋਂ ਲੈ ਕੇ ਦੁਪਹਿਰ 2.00 ਵਜੇ ਤੱਕ ਬੜੀ ਸ਼ਰਧਾਪੂਰਵਕ ਮਨਾਈ ਜਾ ਰਹੀ ਹੈ। ਸਾਰੇ ਮੈਂਬਰਾਂ ਨੂੰ ਸਨਿਮਰ ਬੇਨਤੀ ਹੈ ਕਿ ਪਰਿਵਾਰ ਸਮੇਤ ਸਮਾਗਮ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।**

**ਜਗੀਰ ਸਿੰਘ ਲਾਲੀਆ**
**ਪ੍ਰਧਾਨ**

# ਛੋਟਾ ਘੱਲੂਘਾਰਾ




**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**


ਸਿੱਖ ਪੰਥ ਜਦੋਂ ਤੋਂ ਹੋਂਦ ਵਿੱਚ ਆਇਆ ਹੈ ਉਦੋਂ ਤੋਂ ਹੀ ਗੁਰੂ ਪੰਥ ਦੇ ਨਿਆਰੇਪਨ ਨੂੰ ਨਾ ਸਹਾਰਨ ਵਾਲੇ ਵਿਰੋਧੀਆਂ ਨੇ ਗੁਰੂ ਪੰਥ ਦੇ ਪਾਂਧੀਆਂ ਨੂੰ ਸਿੱਖੀ/ਸੱਚ ਦੀ ਮੰਜ਼ਿਲ ਤੋਂ ਭਟਕਾਉਣ ਤੇ ਮਾਰ-ਮੁਕਾਉਣ ਵਰਗੀਆਂ ਬੇ ਰਹਿਮ ਕੋਝੀਆਂ ਹਰਕਤਾਂ ਕਰਨ ਵਿੱਚ ਕੋਈ ਕਸਰ ਨਾ ਛੱਡੀ ਪਰ ਗੁਰਸਿੱਖ ਇਕ ਅਕਾਲ ਪੁਰਖ਼ ਦੇ ਭਾਣੇ ਵਿੱਚ ਚੱਲਦੇ ਹੋਏ ਸੱਚ ਦੇ ਮਾਰਗ ਤੋਂ ਰਤਾ ਵੀ ਨਾ ਭਟਕੇ ਅਤੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਦੂਣੇ-ਸਿਵਾਏ ਹੁੰਦੇ ਗਏ।

ਅਠਾਰ੍ਹਵੀ ਸਦੀ ਵਿੱਚ ਮੁਗ਼ਲ ਹਕੂਮਤ ਨੇ ਸਿੱਖਾਂ ਦਾ ਨਾਮ-ਨਿਸ਼ਾਨ ਮਿਟਾਉਣ ਦੀ ਸਹੁੰ ਚੁੱਕੀ ਸੀ ਅਤੇ ਲੋਕਾਂ ਨੂੰ ਸਖ਼ਤੀ ਨਾਲ ਵਰਜਿਆ ਸੀ ਕਿ ਕੋਈ ਵੀ ਸਿੱਖਾਂ ਨੂੰ ਓਟ-ਆਸਰਾ ਭਾਵ ਰਹਿਣ-ਬਹਿਣ ਲਈ ਅਤੇ ਖਾਣ ਲਈ ਭੋਜਨ ਨਾ ਦੇਵੇ। ਅਨੇਕਾਂ ਸਿੰਘਾਂ ਨੂੰ ਚੁਣ-ਚੁਣ ਕੇ ਅਤੇ ਸਖ਼ਤ ਤੋਂ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅਤਿ ਦੇ ਜ਼ੁਲਮਾਂ ਨੂੰ ਸਹਾਰਦਾ ਇਕ ਸਿੱਖ ਜੱਥਾ ਐਮਨਾਬਾਦ ਪਹੁੰਚਿਆ ਜੋ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਥੋਂ ਦਾ ਹੰਕਾਰਿਆ ਹੋਇਆ ਫ਼ੌਜਦਾਰ ਜਸਪਤ ਰਾਏ ਫ਼ੌਜ ਲੈ ਕੇ ਸਿੱਖਾਂ ਨੂੰ ਮਾਰ ਮੁਕਾਉਣ ਲਈ ਆ ਭਬਕਿਆ। ਅੱਗੋਂ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ। ਇਕ ਗੁਰੂ ਦੇ ਬੱਬਰ ਸ਼ੇਰ ਨਿਬਾਹੂ ਸਿੰਘ ਰੰਘਰੇਟੇ ਨੇ ਜਸਪਤ ਰਾਏ ਦੇ ਹਾਥੀ 'ਤੇ ਚੜ੍ਹ ਕੇ ਉਸ ਦਾ ਸਿਰ ਵੱਢ ਦਿੱਤਾ।

ਜਸਪਤ ਰਾਏ ਦੇ ਮਾਰ ਜਾਣ ਦੀ ਖ਼ਬਰ ਸੁਣ ਕੇ ਉਸਦਾ ਭਰਾ ਲਖਪਤ ਰਾਇ ਜੋ ਲਾਹੌਰ ਦੇ ਸੂਬੇਦਾਰ ਯਹੀਆ ਖ਼ਾਨ ਦਾ ਦੀਵਾਨ ਸੀ, ਉਸ ਨੇ ਯਹੀਆ ਖ਼ਾਨ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਕਿਹਾ ਕਿ 'ਮੈਂ ਤਦ ਤੱਕ ਸਿਰ 'ਤੇ ਪੱਗ ਨਹੀਂ ਬੰਨ੍ਹਾਗਾਂ ਜਦ ਤੱਕ ਸਿੱਖਾਂ ਦਾ ਖੁਰ੍ਹਾ-ਖੋਜ ਨਹੀਂ ਮਿਟਾ ਲਵਾਂਗਾ।' ਉਸ ਨੇ ਯਹੀਆ ਖ਼ਾਨ ਪਾਸੋਂ ਸਿੱਖਾਂ ਨੂੰ ਮਾਰ ਮੁਕਾਉਣ ਦਾ ਐਲਾਨ ਕਰਵਾ ਦਿੱਤਾ। ਲਾਹੌਰ ਵਿਚ ਰਹਿੰਦੇ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ 10 ਮਾਰਚ 1746 ਨੂੰ ਜੱਲਾਦਾਂ ਪਾਸੋਂ ਸ਼ਹੀਦ ਕਰਵਾ ਦਿੱਤਾ ਗਿਆ।

ਲਖਪਤ ਰਾਏ ਨੇ ਡੌਂਡੀ ਪਿਟਵਾ ਦਿੱਤੀ ਕਿ 'ਕੋਈ ਵੀ ਆਦਮੀ ਮੂੰਹੋਂ 'ਗੁਰੂ' ਸ਼ਬਦ ਨਾ ਕੱਢੇ, 'ਗੁੜ' ਸ਼ਬਦ ਜੀ ਥਾਂ ਰੋੜੀ ਵਰਤਿਆ ਜਾਵੇ, ਕਿਉਂਕਿ ਗੁੜ ਸ਼ਬਦ ਗੁਰੂ ਨਾਲ ਮਿਲਦਾ-ਜੁਲਦਾ ਹੈ, ਸ਼ਬਦ ........ ਗ੍ਰੰਥ ਦੀ ਥਾਂ ਪੋਥੀ ਵਰਤਿਆ ਜਾਵੇ, ਜੋ ਆਦਮੀ ਹੁਕਮ ਦੀ ਉਲੰਘਣਾ ਕਰੇਗਾ ਉਸ ਦਾ ਪੇਟ ਚਾਕ ਕੀਤਾ ਜਾਵੇਗਾ।' ਉਸ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਇਕੱਠੀਆਂ ਕਰਵਾ ਕੇ ਦਰਿਆਵਾਂ-ਖੂਹਾਂ ਵਿੱਚ ਸੁੱਟਵਾ ਦਿੱਤੀਆਂ ਅਤੇ ਅੰਮ੍ਰਿਤਸਰ ਦਾ ਸਰੋਵਰ ਪੂਰਵਾ ਦਿੱਤਾ।

ਯਹੀਆ ਖਾਂ ਤੇ ਲੱਖਪਤ ਰਾਇ ਭਾਰੀ ਗਿਣਤੀ ਵਿੱਚ ਮੁਗ਼ਲ ਫ਼ੌਜ ਦੇ ਟਿੱਡੀ ਦਲ ਸਮੇਤ ਕਾਹਨੂੰਵਾਨ ਦੇ ਛੰਭ ਵੱਲ ਵਧਿਆ। ਇਸ ਛੰਭ ਵਿਚ 15 ਕੁ ਹਜ਼ਾਰ ਸਿੰਘਾਂ ਨੇ ਪਨ੍ਹਾ ਲਈ ਹੋਈ ਸੀ। ਮੁਗ਼ਲ ਹਕੂਮਤ ਜੰਗਲ ਕੱਟਦੀ-ਵਢਦੀ ਤੇ ਤੋਪਾਂ ਦੇ ਗੋਲਿਆਂ ਦੀ ਅੱਗ ਵਰਸਾਉਂਦੀ ਅੱਗੇ ਵੱਧ ਰਹੀ ਸੀ।

ਸਿੰਘਾਂ ਨੇ ਮੁੜ ਮਾਝੇ ਵੱਲ ਜਾਣ ਦੀ ਵਿਉਂਤ ਬਣਾਈ ਪਰ ਰਾਵੀ ਦਰਿਆ ਬਹੁਤ ਚੜ੍ਹਿਆ ਹੋਇਆ ਸੀ। ਸ੍ਰ. ਗੁਰਦਿਆਲ ਸਿੰਘ ਡੱਲੇਵਾਲ ਦੇ ਦੋ ਭਰਾਵਾਂ ਨੇ ਕਿਹਾ ਕਿ ਅਸੀਂ ਰਾਵੀ ਵਿੱਚ ਘੋੜੇ ਠੇਹਲ ਦਿੰਦੇ ਹਾਂ, ਜੇਕਰ ਅਸੀਂ ਪਾਰ ਪਹੁੰਚ ਗਏ ਤਾਂ ਸਾਰਿਆਂ ਠਿਲ੍ਹ ਪੈਣਾ....ਜੇਕਰ ਅਸੀਂ ਪਾਰ ਨਾ ਲੱਗ ਸਕੇ ਤਾਂ ਤੁਸੀਂ ਕੋਈ ਹੋਰ ਵਿਉਂਤ ਬਣਾ ਲੈਣੀ।' ਉਹ ਦੋਵੇਂ ਭਰਾ ਰਾਵੀ ਵਿੱਚ ਰੁੜ੍ਹ ਗਏ। ਜਿਹੜੇ ਪੈਦਲ ਸਨ, ਉਹ ਪਹਾੜਾਂ ਵੱਲ ਨੂੰ ਵੱਧੇ ਅਤੇ ਛੇ ਮਹੀਨੇ ਦੁੱਖਾਂ/ਕਸ਼ਟਾਂ ਨੂੰ ਝੱਲਦੇ ਹੋਏ ਕੀਰਤਪੁਰ ਖ਼ਾਲਸੇ ਨੂੰ ਜਾ ਮਿਲੇ।

ਬਾਕੀ ਸਿੰਘਾਂ ਦੀ ਮੁੱਠੀ ਭਰ ਫ਼ੌਜ ਭਾਈ ਸੁੱਖਾ ਸਿੰਘ ਕੰਬੋ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਵੈਰੀਆਂ ਦੀ ਅਣਗਿਣਤ ਫ਼ੌਜ ਦੇ ਆਹੂ ਲਾਹੁੰਦੀ ਵੈਰੀਆਂ ਦੇ ਘੇਰੇ ਤੋਂ ਬਾਹਰ ਹੋ ਗਈ। ਭਾਈ ਸੁੱਖਾ ਸਿੰਘ ਆਪਣੀ ਉਸ ਲੱਤ ਨੂੰ ਕਾਠੀ ਦੇ ਹੰਨੇ ਨਾਲ ਬੰਨ੍ਹ ਕੇ (ਜੋ ਗੋਲੀ ਲੱਗਣ ਕਰਕੇ ਜ਼ਖ਼ਮੀ ਹੋ ਗਈ ਸੀ) ਤੇਜ਼ ਤਲਵਾਰ ਚਲਾਉਂਦਾ ਹੋਇਆ ਵੈਰੀਆਂ ਨੂੰ ਸੋਧਦਾ ਲਖਪਤ ਰਾਇ ਨੂੰ ਲੱਭ ਰਿਹਾ ਸੀ ਪਰ ਉਹ ਹੱਥ ਨਾ ਆਇਆ। ਸਿੰਘਾਂ ਨੇ ਮੁੜ ਰਾਤ ਨੂੰ ਮੁਗਲ ਹਕੂਮਤ 'ਤੇ ਹੱਲਾ ਕਰਕੇ ਕਾਫ਼ੀ ਦੁਸ਼ਮਣਾਂ ਨੂੰ ਮਾਰ-ਮੁਕਾਇਆ ਅਤੇ ਉਨ੍ਹਾਂ ਦਾ ਸਮਿਆਨਾ ਜੋ ਹੱਥ ਆਇਆ ਲੈ ਕੇ ਜੰਗਲ ਵਿਚ ਜਾ ਵੜੇ। ਲਖਪਤ ਰਾਇ ਆਪਣੀ ਕਾਫ਼ੀ ਫ਼ੌਜ ਮਰਵਾ ਕੇ ਲਾਹੌਰ ਨੂੰ ਮੁੜ ਗਿਆ।

ਇਹ ਦੁਖਾਂਤ 1 ਜੂਨ 1746 ਨੂੰ ਵਾਪਰਿਆ, ਜਿਸ ਵਿਚ 7 ਹਜ਼ਾਰ ਸਿੰਘ ਸ਼ਹੀਦ ਹੋਏ ਅਤੇ ਬਾਕੀ ਕੈਦ ਕੀਤੇ ਤਿੰਨ ਹਜ਼ਾਰ ਸਿੰਘਾਂ ਨੂੰ ਮੁਗ਼ਲ ਹਕੂਮਤ ਨੇ ਸਖ਼ਤ ਤੋਂ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਉਨ੍ਹਾਂ ਦੇ ਸਿਰਾਂ 'ਤੇ ਮੁਨਾਰੇ ਬਣਾਏ ਗਏ ਤੇ ਉਨ੍ਹਾਂ ਦੇ ਧੜਾਂ ਨੂੰ ਮਸੀਤ ਦੀਆਂ ਕੰਧਾਂ ਹੇਠ ਦੱਬਿਆ ਗਿਆ। ਇਸ ਦੁਖਾਂਤ ਨੂੰ ਸਿੱਖ ਇਤਿਹਾਸ ਵਿਚ ਪਹਿਲਾ ਜਾਂ ਛੋਟਾ ਘੱਲੂਘਾਰਾ ਕਰਕੇ ਜਾਣਿਆ ਜਾਂਦਾ ਹੈ। ਇਸ ਕਤਲੋਗਾਰਤ ਵਿਚ ਜਿੱਥੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਪਰ ਉਸ ਨਾਲੋਂ ਕਈ ਗੁਣਾਂ ਹਕੂਮਤ ਦਾ ਨੁਕਸਾਨ ਹੋਇਆ।

ਯਾਦ ਰਹੇ ਕਿ ਗੁਰਸਿੱਖਾਂ ਨੂੰ ਖਤਮ ਕਰਨ ਵਾਲੇ ਖ਼ੁਦ ਖ਼ਤਮ ਹੋ ਜਾਂਦੇ ਹਨ ਪਰ ਗੁਰਸਿੱਖ ਅੰਦਰਲੀ ਸਿੱਖੀ ਸਗੋਂ ਦੂਣ-ਸਵਾਈ ਵੱਧਦੀ -ਫੁੱਲਦੀ, ਗੁਰਮਤਿ ਦੀ ਮਹਿਕ ਖਿੰਡਾਰਦੀ ਹੈ।

# ਸਹਿਯੋਗੀ ਜਥੇਬੰਦੀਆਂ ਦੀਆਂ ਸਰਗਰਮੀਆਂ

ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ (ਰਜਿ.) ਜਲੰਧਰ ਵੱਲੋਂ ਲੁਬਾਣਾ ਬਰਾਦਰੀ ਦੇ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਬਰਾਦਰੀ ਦੇ ਪਿੰਡਾਂ ਦੇ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ ਦੇਣ ਦਾ ਕਾਰਜ ਆਰੰਭਿਆ ਗਿਆ। ਇਸੇ ਲੜੀ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ ਅਤੇ ਸਰਕਾਰੀ ਹਾਈ ਸਕੂਲ ਭਦਾਸ ਵਿਚ ਪਹੁੰਚ ਕੇ ਸੁਸਾਇਟੀ ਵੱਲੋਂ ਪ੍ਰਤੀ ਵਿਦਿਆਰਥੀ 2500 ਰੁਪਏ ਦੀ ਨਗਦ ਸਹਾਇਤਾ ਹਰੇਕ ਵਿਦਿਆਰਥੀ ਨੂੰ ਦਿੱਤੀ ਗਈ।




ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ ਵਿਖੇ ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ ਵੰਡਣ ਮੌਕੇ ਮਾਸਟਰ ਅਰੂੜ ਸਿੰਘ, ਪ੍ਰਿੰਸੀਪਲ ਟਹਿਲ ਸਿੰਘ, ਪ੍ਰਿੰਸੀਪਲ ਵਜੀਰ ਸਿੰਘ, ਸੁਸਾਇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਰੂਬੀ, ਜਨਰਲ ਸਕੱਤਰ ਕਰਨਲ ਹਰਭਜਨ ਸਿੰਘ ਮੁਲਤਾਨੀ, ਪ੍ਰਧਾਨ ਬ੍ਰਿਗੇਡੀਅਰ ਮਨਜੀਤ ਸਿੰਘ, ਚੀਫ਼ ਇੰਜੀਨੀਅਰ ਜਗਤਾਰ ਸਿੰਘ ਮੁਲਤਾਨੀ ਅਤੇ ਸਕੂਲ ਸਟਾਫ



ਸਰਕਾਰੀ ਹਾਈ ਸਕੂਲ ਭਦਾਸ ਵਿਖੇ ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ ਵੰਡਣ ਮੌਕੇ ਸਕੂਲ ਮੁਖੀ ਸ੍ਰੀ ਵਿਦਿਆ ਸਾਗਰ, ਜਨਰਲ ਸਕੱਤਰ ਕਰਨਲ ਹਰਭਜਨ ਸਿੰਘ ਮੁਲਤਾਨੀ, ਪ੍ਰਧਾਨ ਬ੍ਰਿਗੇਡੀਅਰ ਮਨਜੀਤ ਸਿੰਘ, ਸੁਸਾਇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਰੂਬੀ, ਚੀਫ਼ ਇੰਜੀਨੀਅਰ ਜਗਤਾਰ ਸਿੰਘ ਮੁਲਤਾਨੀ, ਪ੍ਰਿੰਸੀਪਲ ਟਹਿਲ ਸਿੰਘ ਅਤੇ ਸਕੂਲ ਸਟਾਫ

# ਵਧਾਈ ਸੰਦੇਸ਼



ਸ. ਜਗਜੀਤ ਸਿੰਘ ਭਗਤਾਣਾ ਸੁਪਰਡੈਂਟ ਪੁਲਿਸ ਸਪੁੱਤਰ ਸਵਰਗਵਾਸੀ ਤਹਿਸੀਲਦਾਰ ਸ. ਮਿਹਰ ਸਿੰਘ ਨਡਾਲਾ, ਜੋ ਕਿ ਪੂਰਨ ਗੁਰਸਿੱਖ ਅਤੇ ਇਕ ਇਮਾਨਦਾਰ ਪੁਲਿਸ ਅਫ਼ਸਰ ਹਨ ਅਤੇ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਹਨ, ਨੂੰ ਉਨ੍ਹਾਂ ਦੇ ਵਿਭਾਗ ਵੱਲੋਂ ਤਰੱਕੀ ਦੇ ਕੇ ਬਤੌਰ ਐਸ.ਐਸ.ਪੀ. ਵਿਜੀਲੈਂਸ ਬਠਿੰਡਾ ਰੇਂਜ ਲਗਾਇਆ ਹੈ। ਅਦਾਰਾ 'ਲੁਬਾਣਾ ਸੇਵਕ' ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਉਨ੍ਹਾਂ ਨੂੰ ਇਸ ਪ੍ਰਾਪਤੀ 'ਤੇ ਬਹੁਤ-ਬਹੁਤ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਆਉਣ ਵਾਲੇ ਜੀਵਨ ਵਿਚ ਹੋਰ ਉੱਚੀਆਂ ਤਰੱਕੀਆਂ ਅਤੇ ਸ਼ਾਨਦਾਰ ਪ੍ਰਾਪਤੀਆਂ ਦੀ ਕਾਮਨਾ ਕਰਦਾ ਹੈ। ਆਪ ਜੀ ਫਾਊਂਡੇਸ਼ਨ ਦੀ ਕਾਰਜਕਾਰਨੀ ਦੇ ਮੈਂਬਰ ਅਤੇ ਹਲਕਾ ਭੁਲੱਥ ਦੇ ਸੀਨੀਅਰ ਕਾਂਗਰਸ ਨੇਤਾ ਤਹਿਸੀਲਦਾਰ ਗੁਰਮੀਤ ਸਿੰਘ ਨਡਾਲਾ ਦੇ ਵੱਡੇ ਭਰਾਤਾ ਜੀ ਹਨ।

## Beautiful explanation by Swami Vivekananda on Association.



Explaining the meaning of 'Association'. He said: "The rain drop from the sky: If it is caught in hands, it is pure enough for drinking. If it falls in a gutter, its value drops so much that it can't be used even for washing the feet. If it falls on hot surface, it perishes. If it falls on lotus leaf, it shines like a pearl and finally, if it falls on oyster, it becomes a pearl. The drop is same, but its existence & worth depend on with whom it associates."

Always be associated with people who are good at heart.

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਸ. ਸ਼ਾਮ ਸਿੰਘ ਵਾਸੀ ਮਕਾਨ ਨੰ-1093-ਏ, ਸੈਕਟਰ-20-ਬੀ, ਚੰਡੀਗੜ੍ਹ ਪ੍ਰਮਾਤਮਾ ਵਲੋਂ ਬਖਸ਼ੀ 87 ਸਾਲ ਦੀ ਉਮਰ ਭੋਗ ਕੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 20-12-2016 ਨੂੰ ਇਸ ਦੁਨੀਆਂ ਤੋਂ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਜਨਮ 8 ਜੂਨ 1930 ਨੂੰ ਸ. ਬਾਬੂ ਸਿੰਘ ਦੇ ਘਰ ਪਿੰਡ ਭਟਨੂਰਾ ਲੁਬਾਣਾ, ਜ਼ਿਲ੍ਹਾ-ਜਲੰਧਰ ਵਿਖੇ ਹੋਇਆ। ਉਹਨਾਂ ਦੀ ਸ਼ਾਦੀ ਸ੍ਰੀਮਤੀ ਸੁਰਜੀਤ ਕੌਰ ਨਾਲ 1951 ਵਿਚ ਹੋਈ। ਸ. ਸ਼ਾਮ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਕੂਲ ਸੰਤ ਬਾਬਾ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਵਿਚ ਪੂਰੀ ਕੀਤੀ। ਉਪਰੰਤ 1951 ਵਿਚ ਪੁਲਿਸ ਵਿਭਾਗ ਜੁਆਇੰਨ ਕੀਤਾ। ਵੱਖ-ਵੱਖ ਜਗ੍ਹਾ ਤੇ ਨੌਕਰੀ ਕਰਦੇ 1983 ਵਿਚ ਡੀ.ਐਸ.ਪੀ. ਦੇ ਅਹੁਦੇ ਤੇ ਪਹੁੰਚੇ ਤੇ ਬਤੌਰ ਡੀ.ਐਸ.ਪੀ. ਚੰਡੀਗੜ੍ਹ ਤੋਂ ਸੇਵਾ ਮੁਕਤ ਹੋਏ। ਪ੍ਰਮਾਤਮਾ ਨੇ ਇਨ੍ਹਾਂ ਨੂੰ ਚਾਰ ਬੇਟੇ ਤੇ ਤਿੰਨ ਬੇਟੀਆਂ ਦੀ ਦਾਤ ਬਖਸ਼ੀ ਜੋ ਇਸ ਸਮੇਂ ਆਪਣੇ-ਆਪਣੇ ਘਰ ਬੜਾ ਹੀ ਸੁਖੀ ਜੀਵਨ ਬਸਰ ਕਰ ਰਹੇ ਹਨ। ਇਨ੍ਹਾਂ ਦੇ ਵੱਡੇ ਜਵਾਈ ਸ. ਗੁਰਦੀਪ ਸਿੰਘ ਥਾਂਦੀ ਵੀ ਬਤੌਰ ਡੀ.ਐਸ.ਪੀ. ਪੰਜਾਬ ਪੁਲਿਸ ਤੋਂ ਸੇਵਾ ਮੁਕਤ ਹੋਏ ਹਨ। ਇਨ੍ਹਾਂ ਦਾ ਵੱਡਾ ਲੜਕਾ ਸ. ਕੁਲਦੀਪ ਸਿੰਘ ਜੋ ਕਿ ਭੋਗਪੁਰ ਸ਼ੁਗਰ ਮਿਲ ਵਿਚ ਨੌਕਰੀ ਕਰਦੇ ਸਨ ਦੀ ਮੌਤ ਹੋ ਚੁੱਕੀ ਹੈ। ਦੂਜਾ ਲੜਕਾ ਸ. ਨਿਰਮਲ ਸਿੰਘ ਜੋ ਕਿ ਚੰਡੀਗੜ੍ਹ ਪੁਲਿਸ ਤੋਂ ਵਧੀਆ ਅਹੁਦੇ ਤੇ ਰਿਟਾਇਰਡ ਹੋਏ ਹਨ ਅਤੇ ਇਸ ਸਮੇਂ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਿਚ ਮੇਨਟੇਨਸ ਸਕੱਤਰ ਦੇ ਅਹੁਦੇ ਵਜੋਂ ਸੇਵਾ ਕਰ ਰਹੇ ਹਨ। ਸ. ਨਿਰਮਲ ਸਿੰਘ ਦੀ ਬੇਟੀ ਤੇ ਜਵਾਈ ਯੂ.ਐਸ.ਏ. ਵਿਖੇ ਸਾਫ਼ਟਵੇਅਰ ਇੰਜੀਨੀਅਰ ਦੇ ਅਹੁਦੇ ਤੇ ਨੌਕਰੀ ਕਰ ਰਹੇ ਹਨ ਤੇ ਬੇਟਾ ਆਸਟ੍ਰੇਲੀਆ ਵਿਖੇ ਆਪਣਾ ਕਾਰੋਬਾਰ ਕਰ ਰਿਹਾ ਹੈ। ਤੀਜਾ ਲੜਕਾ ਸ. ਬਲਵੰਤ ਸਿੰਘ ਵੀ ਬਤੌਰ ਇੰਸਪੈਕਟਰ ਚੰਡੀਗੜ੍ਹ ਪੁਲਿਸ ਸੇਵਾ ਮੁਕਤ ਹੋਇਆ ਹੈ। ਸਭ ਤੋਂ ਛੋਟਾ ਲੜਕਾ ਸ. ਓਂਕਾਰ ਸਿੰਘ ਵੀ ਬਤੌਰ ਸਬ-ਇੰਸਪੈਕਟਰ ਪੁਲਿਸ ਵਿਭਾਗ ਵਿਚ ਸੇਵਾ ਕਰ ਰਿਹਾ ਹੈ। ਹਾਲ ਹੀ ਦੇਸ਼ ਦੇ ਰਾਸ਼ਟਰਪਤੀ ਵਲੋਂ ਉਨ੍ਹਾਂ ਨੂੰ "President Police Medal for Martious"" ਦੇ ਕੇ ਸਨਮਾਨਿਤ ਕੀਤਾ ਗਿਆ।

ਪਰਿਵਾਰ ਵਲੋਂ ਸ. ਸ਼ਾਮ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਿਤੀ-30-12-2016 ਨੂੰ ਘਰ ਵਿਚ ਪੁਆਏ ਗਏ ਤੇ ਅੰਤਿਮ ਅਰਦਾਸ ਗੁਰਦੁਆਰਾ ਸੈਕਟਰ-19 ਵਿਖੇ ਕਰਵਾਈ ਗਈ। ਅੰਤਿਮ ਅਰਦਾਸ ਵਿਚ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਦੇ ਸਾਰੇ ਸਰਕਾਰੀ ਕਰਮਚਾਰੀ ਸੱਜਣਾਂ, ਮਿੱਤਰਾਂ, ਰਿਸ਼ਤੇਦਾਰਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ. ਮਹਿੰਦਰ ਸਿੰਘ ਸਾਬਕਾ ਮੈਨੇਜਰ ਸੰਤ ਬਾਬਾ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਅਤੇ ਸਾਬਕਾ ਪ੍ਰਧਾਨ ਭੁਲੱਥ ਨੇ ਆਪਣੀ ਹਾਜ਼ਰੀ ਭਰ ਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ. ਸ਼ਾਮ ਸਿੰਘ ਦੇ ਜੀਵਨ ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਉਪਰੰਤ ਬੀਬੀ ਜਗੀਰ ਕੌਰ ਕੈਬਿਨੇਟ ਮੰਤਰੀ ਪੰਜਾਬ ਅਤੇ ਸਾਬਕਾ ਪ੍ਰਧਾਨ ਐਜ.ਜੀ.ਪੀ.ਸੀ. ਪੰਜਾਬ ਦੇ ਇਸ ਪਰਿਵਾਰ ਨਾਲ ਬੜੇ ਹੀ ਨਜ਼ਦੀਕੀ ਸੰਬੰਧ ਹਨ ਨੇ ਆਪਣੀ ਹਾਜ਼ਰੀ ਭਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸ. ਸ਼ਾਮ ਸਿੰਘ ਦੇ ਪਰਿਵਾਰ ਵਲੋਂ ਡੇਰਾ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਬੇਗੋਵਾਲ ਲਈ 5000/- ਰੁਪਏ , ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ 5000/- ਰੁਪਏ ਅਤੇ ਗੁਰਦੁਆਰਾ ਸੈਕਟਰ-19, ਚੰਡੀਗੜ੍ਹ ਨੂੰ ਵੀ 5000/- ਰੁਪਏ ਭੇਟ ਕੀਤੇ ਗਏ ਅਤੇ ਅੰਤ ਵਿਚ ਸੰਗਤਾਂ ਨੂੰ ਲੰਗਰ ਛਕਾਇਆ ਗਿਆ।

**ਓਂਕਾਰ ਸਿੰਘ**


**1093-ਏ, ਸੈਕਟਰ-20-ਬੀ, ਚੰਡੀਗੜ੍ਹ**



# ਕਾਵਿ-ਕਿਆਰੀ



## ਸੱਚ ਕੀ ਬੇਲਾ



ਜੋ ਬੀਤ ਗਏ ਦੇ ਰਹੇ, ਸ਼ਾਹ ਅਸਵਾਰ ਹੁੰਦੇ ਨੇ।
ਲਾਇਲਾਜ ਕਰੋਪੀ ਦੇ ਕੀਤੇ, ਬੇਦਾਰ ਬੇਜ਼ਾਰ ਹੁੰਦੇ ਨੇ।

ਜਦੋਂ ਮਜਬੂਰੀ ਵੱਸ, ਸਹਾਈ ਅਗਵਾਈ ਕਰ ਨਹੀਂ ਸਕਦੇ,
ਤਦੋਂ ਵੀ ਇਨ੍ਹਾਂ ਕੋਲ, ਵਾਧੂ ਵਸਫ਼ ਹਜ਼ਾਰ ਹੁੰਦੇ ਨੇ।

ਇਨ੍ਹਾਂ ਧੁਰੋਂ ਸਰਾਪਿਆ, ਸਮਕਾਲ ਸੰਤਾਪਿਆਂ ਦੀ ਬੇਕਾਰੀ ਦੀ,
ਬੀਤੀ ਕੀਤੀ ਤੇ, ਪੇਤਲੀ ਪੰਛੀ ਝਾਤ ਪਾਉ ਕਾਰਗੁਜ਼ਾਰੀ ਦੀ।

ਹੁਣ ਗਲ ਪਏ ਸਮਝੇ ਜਾਂਦਿਆਂ ਨੂੰ, ਦਰਕਿਨਾਰ ਕਰੋ ਨਾ,
ਸਬਰ ਦੇ ਭਰੇ ਪਿਆਲਿਆਂ ਵਿਚ, ਕੁਝ ਹੋਰ ਭਰੋ ਨਾ।

ਅੱਥਰੇ ਸਮੇਂ ਦੀ ਅੱਯਾਲ, ਹੁਣ ਫੜ ਨਹੀਂ ਸਕਦੇ,
ਟਕਰਾ ਕੇ ਬਿਖਰ ਸਕਦੇ ਹਨ, ਭਾਵੇਂ ਲੜ ਨਹੀਂ ਸਕਦੇ।

ਕੁੱਲਵਕਤੀ ਲਾਚਾਰਾਂ ਬੇਕਾਰਾਂ ਦੀ, ਹੌਂਸਲਾ ਅਫ਼ਜਾਈ ਲਈ,
ਭੁੱਲੀ ਵਿੱਸਰੀ ਕਾਰਗੁਜ਼ਾਰੀ ਦੀ ਯਾਰੋ, ਪ੍ਰਸੰਗਿਕ ਆਰਤੀ ਉਤਾਰੋ।

ਚਾਣਚੱਕ ਜਿਸ ਵੀ ਕਰਵਟ ਕੋਈ ਬਹਿੰਦੈ, ਬਹਿਣ ਦਿਉ,
ਕੋਈ ਨਵੀਂ ਨਿੱਗਰ ਗੱਲ ਕਹਿੰਦੈ, ਖੁਲ੍ਹ ਕੇ ਕਹਿਣ ਦਿਉ।

ਮਨਫ਼ੀ ਸੁਲਘਦੀ ਸੋਚ ਨੂੰ ਝਾੜੋ, ਭਰਮ-ਪਾਤੀਆਂ ਪਾੜੋ,
ਕਰਮ ਪ੍ਰਤਿਕਰਮ ਨੂੰ ਦੂਰ-ਰਸ, ਮੁਸਤੈਦੀ ਨਾਲ ਤਾੜੋ।

ਜੇ ਕੋਈ ਪ੍ਰਤਿਬਧ ਪ੍ਰਸ਼ੰਸਕ, ਤੌਹੀਦੀ ਸੋਚ ਅਪਨਾਉਂਦਾ ਹੈ,
ਇਕਬਾਲ ਵਾਂਗੂੰ ਨਾਨਕ ਨੂੰ, ਸੰਸਾਰ ਵਿਚ ਰੁਸ਼ਨਾਉਂਦਾ ਹੈ।

ਅੱਕਕਕੜੀ ਦਾ ਫੰਧਾ ਬਣ, ਜੋ ਹਿਜ਼ਰਤਕਾਰੀ ਆਉਂਦਾ ਹੈ,
ਪਹਿਲੇ ਕਰਮ ਕਮਾਉਂਦਾ ਹੈ, ਪਾਛੇ ਮਨ ਬਾਂਛਤ ਫਲ ਪਾਉਂਦਾ ਹੈ।

ਚੀਜ਼ ਹੋਣਾ ਸ਼ੈਅ ਹੋਣਾ ਅਜੋਕਾ, ਕੰਡਿਆਲਾ ਰੋਹ ਬੀਲਾ ਕਿਰਦਾਰ ਹੈ,
ਪਰ ਕਿਰਦਾਰੀ ਕਿਰਦਾਰਾਂ ਲਈ, ਬਿਲਕੁਲ ਨਾ ਖੁਸ਼ਗਵਾਰ ਹੈ।

ਸੱਚ ਚੰਦਰਮਾਂ ਸਨਮੁਖ ਕੂੜ ਨੇ, ਆਖਰ ਹੋਣਾ ਖੁਆਰ ਹੈ,
ਫਿਰ ਵੀ ਭਰਮ ਦੇ ਭਵਸਾਗਰ ਵਿਚ, ਡੁੱਬ ਰਿਹਾ ਸੰਸਾਰ ਹੈ।

ਮੂਲ ਰੂਪ ਵਿਚ ਹਰ ਇਨਸਾਨ, ਅੱਛਾਈ ਦਾ ਪ੍ਰਤੀਕ ਹੈ,
ਸੱਤ ਬਿਗਾਨਿਆ ਤਾਂਈ ਵੀ, ਇਹ ਤੱਥ ਲਾਸ਼ਰੀਕ ਹੈ।

ਜੋ ਕਿਸੇ ਦੇ ਗ਼ਮ ਵਿਚ, ਸ਼ਰੀਕੇ ਗਮ ਨਹੀਂ ਹੁੰਦੇ,
ਉਹ ਲੋਕਾਂ ਤੇ ਭਾਈਚਾਰੇ ਲਈ, ਸਿੱਕੇਬੰਦ ਨਹੀਂ ਹੁੰਦੇ।

ਰਾਜ਼ਕ ਰਜ਼ਾਅ ਆਗਾਹਾਂ ਤੋਂ, ਅਗਵਾਈ ਲੋੜੀਏ,
ਫਿਰ ਅੰਦਰੋਂ ਬਾਹਰੋਂ ਟੁੱਟਿਆਂ ਨੂੰ, ਮੁੜ ਕੇ ਜੋੜੀਏ।

ਤਕਦੀਰਾਂ ਤੋਂ ਉੱਪਰ ਉੱਠ, ਮਿਲ ਬੈਠੀਆਂ ਰੂਹਾਂ ਨੂੰ,
ਕਦੇ ਵੀ ਵਿਛੋੜੀਏ ਨਾ, ਸਮਰਪਿਤ ਹੋ ਬਦਰੂਹਾਂ ਨੂੰ।

ਮੌਲਾ ਤੇ ਮੱਬਨੀ ਹੋਇਆ ਨੇ, ਮਹਿਸ਼ਰ ਵਿਚ ਮਿਲ ਜਾਣਾ ਹੈ,
ਦੁਨੀਆਂ ਜੀਵਨ ਚਾਰ ਦਿਹਾੜੇ, ਪੱਕਾ ਓਹੀ ਟਿਕਾਣਾ ਹੈ।

ਨਦੀ ਕਿਨਾਰੇ ਰੁੱਖੜਿਆ, ਹੋਰ ਕਿਚਰਕ ਧੀਰ ਧਰੇਂਗਾ,
ਮੱਕੇ ਵੱਲ ਨੂੰ ਜਾਂਦੀਆਂ, ਮ੍ਰਿਗ-ਤ੍ਰਿਸ਼ਣਾ ਕਿੰਜ ਤਰੇਂਗਾ।

ਹਰ ਇਬਾਦਤ ਇਲਤਿਜਾ, ਸਦਾਅ ਸਦਾ ਮੰਜ਼ੂਰ ਹੁੰਦੀ ਹੈ,
ਜੋ ਨੈਣ ਮੁੰਦ ਬੁੱਲ੍ਹ-ਸੀੜ, ਹੱਥ ਜੋੜ ਭਰਪੂਰ ਹੁੰਦੀ ਹੈ।

ਆਉ ਰੱਬ ਦੇ ਬੰਦਿਓ ਕਦੇ ਕੋਈ, ਬੰਦਿਆਂ ਵਾਲੀ ਗੱਲ ਕਰੀਏ,
ਸੱਚ ਕੀ ਬੇਲਾ ਸੱਚ ਸੁਣਾਈਏ, ਮਲਕੁਲ ਮਉਤੋਂ ਕਿਉਂ ਡਰੀਏ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1, ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

* * * * *

## ਗਜ਼ਲ

ਬੇਸ਼ਕ ਯਾਰਾ ਨਾ ਮੰਦਰ ਨਾ ਮਸਜਦ ਤੂੰ ਜਾ।
ਫੁੱਲ ਤੋੜ ਕੇ ਐਵੇਂ ਨਾ ਤੂੰ ਪੱਥਰਾਂ ਉਤੇ ਟਿਕਾ।
ਦਿਲ ਦੇ ਅੰਦਰ ਬਦਬੂਆਂ ਦੇ ਲਗੇ ਨੇ ਜੋ ਢੇਰ,
ਉਨ੍ਹਾਂ ਦੀ ਥਾਂ ਖੁਸ਼ਬੂਆਂ ਨੂੰ ਹਿਰਦੇ ਲੈ ਬਸਾ।
ਦੇਵਤਿਆਂ ਦੇ ਅਗੇ ਜਾ ਕੇ ਬਾਲ ਨਾ ਐਂਵੇ ਦੀਵੇ,
ਮਨ ਦੇ ਘੁਪ ਹਨ੍ਹੇਰੇ ਅੰਦਰ ਪਹਿਲੋਂ ਚਿਣਗ ਲਗਾ।
ਪੱਥਰਾਂ ਅੱਗੇ ਸੀਸ ਝੁਕਾਉਣਾ ਓਨਾ ਚਿਰ ਤੂੰ ਛਡਦੇ,
ਜੱਤ ਸੱਤ ਦੇ ਅਗੇ ਪਹਿਲੋਂ ਅਪਣਾ ਆਪ ਝੁਕਾ।
ਨੱਤਮਸਤਕ ਤੇ ਗੋਡਿਆਂ ਰੀਣੀ ਹੋਣ ਦੀ ਨਾਹੀਂ ਲੋੜ,
ਸਾਹਵੇਂ ਡਿਗਿਆ ਢੱਠਿਆਂ ਨੂੰ ਮੋਢਿਓਂ ਫੜ ਉਠਾ।
ਪਾਪਾਂ ਨੂੰ ਬਖਸ਼ਾਵਣ ਲਈ ਤੂੰ ਮੰਦਰ ਨ ਜਾਵੀਂ,
ਅਪਣੇ ਅੰਦਰ ਛੁਪੇ ਜੋ ਬੈਠੇ ਪਾਪਾਂ ਨੂੰ ਨੱਥ ਪਾ।
ਮਨ ਵਰਗਾ ਸ਼ੈਤਾਨ ਨੂਰਪੁਰੀ ਗਲ ਨ ਮੰਨੇ ਕੋਈ,
ਏਸੇ ਲਈ ਤਾਂ ਧੱਕੇ ਖਾਂਦਾ ਹਰ ਮਹਿਫਲ ਵਿਚ ਜਾ।



**ਮਹਿੰਦਰ ਸਿੰਘ ਨੂਰਪੁਰੀ**
81466-52123

# ਬੁਢਾਪੇ ਵਿਚ ਵੀ ਰਹੋ ਚੁਸਤ-ਦਰੁਸਤ

**ਸੁਨੀਤਾ**

ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ।

ਵਧਦੀ ਉਮਰ ਦੇ ਨਾਲ ਹਰ ਕੋਈ ਤੰਦਰੁਸਤ ਰਹਿਣਾ ਚਾਹੁੰਦਾ ਹੈ ਪਰ ਤੰਦਰੁਸਤ ਰਹਿਣ ਲਈ ਯਤਨ ਸਾਨੂੰ ਪਹਿਲਾਂ ਤੋਂ ਹੀ ਕਰਨਾ ਹੁੰਦਾ ਹੈ। ਉਸ ਵੇਲੇ ਅਸੀਂ ਸੋਚਦੇ ਹਾਂ ਕਿ ਅਸੀਂ ਜਵਾਨ ਹਾਂ, ਹੁਣੇ ਹੀ ਆਪਣੇ-ਆਪ 'ਤੇ ਕੰਟਰੋਲ ਕਿਉਂ ਰੱਖੀਏ? ਇਹ ਉਮਰ ਤਾਂ ਖਾਣ-ਪੀਣ ਦੀ ਹੈ, ਇਸ ਲਈ ਬੁਢਾਪੇ ਵਿਚ ਦੇਖਿਆ ਜਾਵੇਗਾ। ਪਰ ਜਦੋਂ ਬੁਢਾਪਾ ਆਉਂਦਾ ਹੈ ਤਾਂ ਉਸ ਵੇਲੇ ਨਾ ਸੋਚਣ ਦਾ ਸਮਾਂ ਹੁੰਦਾ ਹੈ ਅਤੇ ਨਾ ਹੀ ਯਤਨ ਕਰਨ ਦਾ। ਇਸ ਲਈ ਬੁਢਾਪਾ ਸਰੀਰ 'ਤੇ ਪੂਰੀ ਤਰ੍ਹਾਂ ਛਾਅ ਹੀ ਜਾਂਦਾ ਹੈ।

ਜੇਕਰ ਅਸੀਂ ਜਵਾਨੀ ਵਿਚ ਹੀ ਸੁਚੇਤ ਰਹਾਂਗੇ ਤਾਂ ਅੱਗੇ ਵੀ ਉਸ ਆਦਤ ਨੂੰ ਬਰਕਰਾਰ ਰੱਖਣਾ ਸਾਡੇ ਲਈ ਆਸਾਨ ਹੋਵੇਗਾ। ਸਮਾਂ ਰਹਿੰਦੇ ਕੁਝ ਨਿਯਮਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਵਧਦੀ ਉਮਰ 'ਤੇ ਕਾਬੂ ਪਾਇਆ ਜਾ ਸਕੇ।

**ਜ਼ਿਆਦਾ ਤੋਂ ਜ਼ਿਆਦਾ ਪੈਦਲ ਤੁਰੋ** : ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ। ਤੇਜ਼ ਤੁਰਨ ਦੀ ਆਦਤ ਪਾਓ। ਇਨ੍ਹਾਂ ਸਾਰੀਆਂ ਕਸਰਤਾਂ ਨਾਲ ਸਾਰਾ ਸਰੀਰ ਤੰਦਰੁਸਤ ਬਣਿਆ ਰਹੇਗਾ।

**ਮੋਟਾਪੇ ਤੋਂ ਦੂਰੀ ਬਣਾ ਕੇ ਰੱਖੋ** : ਜਵਾਨੀ ਵਿਚ ਤਲੇ ਹੋਏ ਖਾਧ ਪਦਾਰਥ, ਬਰਗਰ, ਪੀਜਾ, ਨੂਡਲਜ ਆਦਿ ਦਾ ਸੇਵਨ ਘੱਟ ਤੋਂ ਘੱਟ ਕਰੋ। ਵਧੇਰੇ ਫੈਟ ਵਾਲੇ ਖਾਧ ਪਦਾਰਥਾਂ ਤੋਂ ਪ੍ਰਹੇਜ਼ ਕਰੋ।

**ਸਿਗਰਟਨੋਸ਼ੀ ਤੋਂ ਬਚੋ** : ਨਾ ਤਾਂ ਤੁਸੀਂ ਆਪ ਸਿਗਰਟਨੋਸ਼ੀ ਕਰੋ ਅਤੇ ਨਾ ਹੀ ਅਜਿਹੇ ਲੋਕਾਂ ਨਾਲ ਦੋਸਤੀ ਰੱਖੋ ਜੋ ਸਿਗਰਟਨੋਸ਼ੀ ਕਰਦੇ ਹਨ, ਕਿਉਂਕਿ ਆਪ ਸਿਗਰਟਨੋਸ਼ੀ ਕਰਨ ਨਾਲ ਤਾਂ ਨੁਕਸਾਨ ਪਹੁੰਚਦਾ ਹੀ ਹੈ, ਦੂਜਿਆਂ ਦੇ ਸਿਗਰਟ-ਬੀੜੀ ਦੇ ਧੂੰਏਂ ਵੀ ਨੁਕਸਾਨ ਪਹੁੰਚਾਉਂਦੇ ਹਨ। ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੇ ਚਿਹਰੇ 'ਤੇ ਝੁਰੜੀਆਂ ਜਲਦੀ ਪੈਂਦੀਆਂ ਹਨ।

**ਤਣਾਅ ਤੋਂ ਬਚੋ** : ਸਭ ਜਾਣਦੇ ਹਨ ਕਿ ਤਣਾਅ ਸਾਡੀ ਸਿਹਤ ਦਾ ਦੁਸ਼ਮਣ ਹੈ। ਫਿਰ ਵੀ ਸਾਡੇ ਵਿਚੋਂ ਬਹੁਤੇ ਲੋਕ ਤਣਾਅਗ੍ਰਸਤ ਰਹਿੰਦੇ ਹਨ। ਯਤਨ ਕਰੋ ਕਿ ਤਣਾਅ ਘੱਟ ਤੋਂ ਘੱਟ ਹੋਵੇ, ਇਸ ਲਈ ਆਪਣੀ ਸੋਚ ਨੂੰ ਸਾਕਾਰਾਤਮਿਕ ਰੱਖੋ, ਕਸਰਤ ਕਰੋ, ਮੈਡੀਟੇਸ਼ਨ ਕਰੋ, ਚਿਹਰੇ ਅਤੇ ਸਰੀਰ ਦੀ ਮਾਲਿਸ਼ ਕਰਦੇ ਰਹੋ ਅਤੇ ਆਪਣੇ ਸਰੀਰ ਦੀ ਪੂਰੀ ਸਫਾਈ ਦਾ ਖਿਆਲ ਰੱਖੋ, ਜਿਸ ਨਾਲ ਤਣਾਅ ਘੱਟ ਕਰਨ ਵਿਚ ਮਦਦ ਮਿਲੇਗੀ।

**ਪ੍ਰਦੂਸ਼ਣ ਤੋਂ ਬਚੋ** : ਵੱਡੇ ਸ਼ਹਿਰਾਂ ਵਿਚ ਵਧੇਰੇ ਮੋਟਰਾਂ, ਗੱਡੀਆਂ, ਬੱਸਾਂ, ਕਾਰਾਂ ਕਾਰਨ ਸ਼ਹਿਰ ਦਾ ਵਾਤਾਵਰਨ ਪ੍ਰਦੂਸ਼ਤ ਰਹਿੰਦਾ ਹੈ, ਫਿਰ ਵੀ ਪ੍ਰਦੂਸ਼ਣ ਤੋਂ ਦੂਰੀ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਵੇਰੇ ਉਠ ਕੇ ਸੈਰ ਨੂੰ ਜਾਓ, ਖੁੱਲ੍ਹੀ ਹਵਾ ਵਿਚ ਪ੍ਰਾਣਾਯਾਮ ਅਤੇ ਆਸਣ ਕਰੋ, ਤਾਂ ਕਿ ਫੇਫੜੇ ਸ਼ੁੱਧ ਹਵਾ ਗ੍ਰਹਿਣ ਕਰ ਸਕਣ। ਵਧੇਰੇ ਭੀੜ-ਭਾੜ ਵਾਲੇ ਥਾਵਾਂ 'ਤੇ ਬਿਨਾਂ ਮਜਬੂਰੀ ਦੇ ਨਾ ਜਾਓ।

**ਕੁਝ ਬਚਾਓ ਦੇ ਨਿਯਮ** : ਕਾਰ ਚਲਾਉਂਦੇ ਸਮੇਂ, ਕਾਰ ਦੀ ਅਗਲੀ ਸੀਟ 'ਤੇ ਬੈਠਦੇ ਸਮੇਂ ਬੈਲਟ ਜ਼ਰੂਰ ਲਗਾਓ। ਜੁੱਤੀਆਂ ਅਤੇ ਚੱਪਲਾਂ ਜਦੋਂ ਥੋੜ੍ਹੀਆਂ ਖੁੱਲ੍ਹੀਆਂ ਹੋਣ ਲੱਗਣ ਤਾਂ ਬਦਲ ਲਓ, ਗਿੱਲੇ ਫਰਸ਼ 'ਤੇ ਨਾ ਚੱਲੋ। ਬਾਥਰੂਮ ਵਰਤਣ ਤੋਂ ਬਾਅਦ ਉਸ ਨੂੰ ਵਾਈਪਰ ਨਾਲ ਚੰਗੀ ਤਰ੍ਹਾਂ ਸਾਫ ਕਰੋ। ਉਠਦੇ ਸਮੇਂ ਵੱਖੀ ਭਾਰ ਉਠੋ। ਜੇਕਰ ਫਰਸ਼ 'ਤੇ ਬੈਠੇ ਹੋ ਤਾਂ ਉਠਦੇ ਸਮੇਂ ਸਹਾਰਾ ਲੈ ਕੇ ਉਠੋ, ਝਟਕੇ ਨਾਲ ਨਾ ਉਠੋ। ਉਬੜ-ਖਾਬੜ ਜਾਂ ਟੇਢੀਆਂ-ਮੇਢੀਆਂ ਸੜਕਾਂ 'ਤੇ ਧਿਆਨ ਨਾਲ ਚੱਲੋ।

**ਦੰਦਾਂ ਦੀ ਸਫਾਈ ਵੱਲ ਧਿਆਨ ਦਿਓ** : ਇਕ ਅਧਿਐਨ ਅਨੁਸਾਰ ਲੰਬੀ ਉਮਰ ਅਤੇ ਤੰਦਰੁਸਤ ਦੰਦਾਂ ਦਾ ਆਪਸੀ ਸਬੰਧ ਹੁੰਦਾ ਹੈ। ਜੋ ਲੋਕ ਆਪਣੀ ਨਿੱਜੀ ਸਫਾਈ ਪ੍ਰਤੀ ਜਾਗਰੂਕ ਹੁੰਦੇ ਹਨ, ਉਹ ਤੰਦਰੁਸਤ ਰਹਿੰਦੇ ਹਨ। ਦੰਦ ਜੇਕਰ ਤੰਦਰੁਸਤ ਹੋਣਗੇ ਤਾਂ ਖਾਣਾ ਚੰਗੀ ਤਰ੍ਹਾਂ ਚਬਾਉਣਗੇ, ਜਿਸ ਨਾਲ ਪੇਟ ਠੀਕ ਰਹੇਗਾ। ਪੇਟ ਦੇ ਵਿਗੜਨ ਨਾਲ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ।

# Human Values and Women Education - A Critique

Human values and ethics in public life is a capacity building initiative. A value system is a set of consistent values and measures. A principle value is a foundation upon which other values and measures of integrity are based. Those values which are not psychologically determinded are normally considered objective, such as a desire to avoid physical pain, seek pleasures etc. are considered subjective. They vary across individuals and cultues and are in many ways aligned with belief and belief system. Yet is can be instinctively felt, grasped, discussed as a sharable experience and thus made a valid area of enquiry. This enquiry is a major undercurrent of wisdom literature of all the ancient civilizations and of later day philosophers, scholars and great leaders of social and political movements. Although the different realms of this value enquiry cover all areas of human concern like ethics, religion, art, science, social science, law etc. no separate or specific significance is attached to the term human values. However, in the western tradition it is represented by Plato's formulation of absolute values of Truth, Goodness and Beauty. They are conceived as having independent existence of their own and are used as ideal norms for value judgement at the relative level of human existence. The basis of all ethical, social and other human values is sought in the enduring truths, either revealed or obtained through super conscious insights of sages, contained in sacred religious literature. Although differing in their belief systems, rituals and customs, the great world religions have a large areas of agreement on the basic moral values, conceptions of personal virtues and social group behaviour based on humanistic values of love, brotherhood, caring and sharing.

This value system has a great role to play in women education. Teaching ethical standards to children has long been seen as the domain of parents. Historically, moral education began in the home and within a healthy family environment children spent the formative years being taught basic issues of conduct alongwith what was right and what was wrong. Today it is a rare exception when parents have the opportunity to morally educate their children without overwhelming external influences.

Now coming to the women education, if we look at the historical backgroung of women education, the dismal picture of the total scenario of the then society shudders our mind. There is no denying the fact that women have suffered a lot at the hands of patriarchal society. They have been used to put under mental and social pressures in various ways. This is, perhaps, the reason why we talk about women education today. It is because only the educated women who can dare change the age-old anti-women values prevalent in almost all societies. The gender discrimination has been always there. No doubt the modern women have entered the fields of politics, social field and the field of education too. They have got right to vote and can adopt any profession of their own choice. They have occupied the high offices like Prime Ministers, Ministers, Presidents, Members of the Parliament, Governors, Scientists., Engineers, Doctors, Professors and even Judges of Courts. All such posts are of great responsibility. But as a matter of fact, the percentage of such women is very low.

When we talk about women in society and their education, their status in that context will have to be seen in total. And in that it is seen that their plight has been very tragic. A women has been taken as a commodity to be purchased and sold anytime. The value system prevailing from society to society has been against them. They have been facing many fold exploitation including physical exploitation. They are made to a yield before their husband's lust. The economically poor women are compelled to sell their body even. Sati-system was their in Indian society wherein a widow would have to be burnt on the funeral pyre of her dead husband. Such a heinous

crime was, however, put to an end byt he efforts of Raja Ram Mohan Roy when anti-sati law was made by the British government.

Child marriage was also in vogue in Indian soceity. It is still found in some parts of the society, particularly in Rajasthan. The little couple even do not know the meaning of marriage when they are knotted together. With this the education of the girl is stopped and she is made to look after the house hold work only. The present day trend of foeticid is also rampant in our society. Although the medical doctors have got it written on the outer-wall of their hospitals that "Sex-determination is not done here. It is illegal and punishable", yet the practice is going on. The girl child is killed before she could see the world. The tragic thing is that the woman concerned is not taken into confidence and the abortion is done forcibly. What s great tragedy? All this shows the value system in our society with regard to female children and the women at large.

When we talk about women education, again the value system of the society comes in the way. The girl child is discriminated upon. It is often seem, especially in backward rural areas that the girls far lag behind in education as compared to the boys. In such areas the women are leading a life of poverty, ignorance, and ond rituals. They face inhuman exploitation and discrimination. They live a life of drudgery. In general, males remain on the look out for a chance to exploit them physically. They are unsafe at their workplace. The danger of rape and molestation remains looming large on their heads. They have to do certain unethical acts for getting a job and then to save the same job too. Is this justified? This kind of attitude makes her think inferior which impeds her way to progress. It is often seen that all such kinds of pressures continue to mount in their mind and a day comes when they go into deep depression and sometimes even commit suicide to put an end to such kind of life.

Now the question arises whether women will continue to suffer in this way? If not, what is the way out? Here the role of education starts. Education will enlighten women to their rights. Through education, they will come to know about the antagonistic value system and the consequent subjugation of their self. Education will make her aware of the fact that the behaviour which she has been facing since long in wrong, unnatural and unconstitutional. In almost all the modern constitutions of the world, the right to freedom and equality have been given to all citizens without any kind of discrimination.

Women will have to take initiative in this direction themselves. Only an educated woman will be able to through away the shackles of slavery she, has been bearing since long. She will come to know that such gender based discrimination was the result of the thinking of those people who considered themselves to be the custodians of the society. A women have to play a great role in the society in the form of a mother and a sister. She is to rear her child and teach her good moral values. She is to make him or her a good and owrthy citizen. But it can be possible only if she is herself free from anti-woman values in society.

Present age is an age of science and technology in which a woman has a great to contribute. Greek philosopher Aristotle is right when he says. "The progress and decline of a nation depends upon the progress and decline of the woman." Even UNESCO has declared, "Educate a man and you educate an individual: educate a woman and you educate a family." So the need of the time is to make education easily available to women. It can be possible if the psyche of the people undergoes change and to bring about such a change traditional and conservation values will have to be replaced by progressive and modern value system. Education of women can b e of great help in that direction.

**ਦੁਨੀਆਂ ਵਿਚ ਖੋਜਣ ਨਾਲ ਹਰ ਚੀਜ਼ ਲੱਭ ਜਾਂਦੀ ਹੈ।**
**ਪ੍ਰੰਤੂ ਇਨਸਾਨ ਨੂੰ ਆਪਣੀ ਗਲਤੀ ਨਹੀਂ ਲੱਭਦੀ।**

# ਫਾਊਂਡੇਸ਼ਨ ਡੇ 'ਤੇ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 27-04-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਕੈਪਟਨ ਜਸਵੰਤ ਸਿੰਘ<br>ਮਕਾਨ ਨੰ.-2369, ਫੇਸ-11, ਮੋਹਾਲੀ | 500/- | ਐਚ-9211 | 27-04-2017 |
| 2. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | 500/- | ਐਚ-9212 | 27-04-2017 |
| 3. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9213 | 27-04-2017 |
| 4. | ਸ. ਰਤਨ ਸਿੰਘ<br>ਮਕਾਨ ਨੰ.-993, ਫੇਸ-4, ਮੋਹਾਲੀ | 100/- | ਐਚ -9214 | 27-04-2017 |
| 5. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218,<br>ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9215 | 27-04-2017 |
| 6. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-9216 | 27-04-2017 |
| 7. | ਸ. ਅਮਰਜੀਤ ਸਿੰਘ, ਫੇਸ-3 ਬੀ 1, ਮੋਹਾਲੀ | 200/- | ਐਚ -9217 | 27-04-2017 |
| 8. | ਸ. ਸੁਰਿੰਦਰ ਸਿੰਘ, ਚੰਡੀਗੜ੍ਹ | 200/- | ਐਚ-9218 | 27-04-2017 |
| 9. | ਸ. ਪਰਮਿੰਦਰਜੀਤ ਸਿੰਘ, ਜਲੰਧਰ | 500/- | ਐਚ-9219 | 27-04-2017 |
| 10. | ਸ. ਮਲੂਕ ਸਿੰਘ<br>ਮਕਾਨ ਨੰ.-978, ਫੇਸ-11, ਮੋਹਾਲੀ | 100/- | ਐਚ-9220 | 27-04-2017 |
| 11. | ਸ਼੍ਰੀਮਤੀ ਮੰਜੂ ਮਾਨ ਕੌਰ ਮੁਲਤਾਨੀ<br>ਮਕਾਨ ਨੰ.-114, ਸੈਕਟਰ-33 ਏ, ਚੰਡੀਗੜ੍ਹ | 500/- | ਐਚ-9221 | 27-04-2017 |

| | | | | |
|---|---|---|---|---|
| 12. | ਸ.ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9222 | 27-04-2017 |
| 13. | ਸ.ਹਰੀ ਸਿੰਘ | 200/- | ਐਚ-9223 | 27-04-2017 |
| 14. | ਸ.ਹਰਭਜਨ ਸਿੰਘ, ਡੀ.ਆਈ.ਜੀ.(ਰਿਟਾ.)<br>ਜ਼ੀਰਕਪੁਰ | 200/- | ਐਚ-9224 | 27-04-2017 |
| 15. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 200/- | ਐਚ-9225 | 27-04-2017 |
| 16. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 500/- | ਐਚ-9226 | 27-04-2017 |
| 17. | ਪ੍ਰਿੰਸੀਪਲ ਟਹਿਲ ਸਿੰਘ, ਜਲੰਧਰ | 500/- | ਐਚ-9227 | 27-04-2017 |
| 18. | ਸ.ਜਸਪਾਲ ਸਿੰਘ, ਜ਼ੀਰਕਪੁਰ | 100/- | ਐਚ-9228 | 27-04-2017 |
| 19. | ਸ.ਸੁਖਵਿੰਦਰਪਾਲ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 500/- | ਐਚ-9229 | 27-04-2017 |
| 20. | ਸ.ਧਰਮਵੀਰ ਸਿੰਘ, ਕੇਅਰ ਟੇਕਰ<br>ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9230 | 27-04-2017 |
| 21. | ਸ.ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ<br>ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ | 500/- | ਐਚ-9231 | 27-04-2017 |
| 22. | ਮਾਸਟਰ ਸੇਵਾ ਸਿੰਘ, ਮੁਕੇਰੀਆਂ | 1100/- | ਐਚ-9232 | 27-04-2017 |
| 23. | ਸ.ਹਰੀ ਸਿੰਘ, ਪੇਹੋਵਾ (ਹਰਿਆਣਾ) | 1100/- | ਐਚ-9233 | 27-04-2017 |
| 24. | ਸ.ਸੁਰਿੰਦਰ ਸਿੰਘ<br>ਮਕਾਨ ਨੰ.-500, ਫੇਸ-10, ਮੋਹਾਲੀ | 500/- | ਐਚ-9234 | 27-04-2017 |
| 25. | ਸ.ਅਵਤਾਰ ਸਿੰਘ ਡੀ.ਐਸ.ਪੀ. ਜਲੰਧਰ | 500/- | ਐਚ-9235 | 27-04-2017 |
| 26. | ਸ.ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9236 | 27-04-2017 |

**ਸਫ਼ਰ ਦਾ ਮਜਾ ਲੈਣਾ ਹੋਵੇ ਸਮਾਨ ਘੱਟ ਰੱਖੀਏ। ਜ਼ਿੰਦਗੀ ਦਾ ਮਜਾ ਲੈਣਾ ਹੋਵੇ ਤਾਂ ਅਰਮਾਨ ਘੱਟ ਰੱਖੀਏ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-5-2017 ਤੋਂ 31-5-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ -9237 | 01-05-2017 |
| 2. | ਸ. ਇੰਦਰਜੀਤ ਸਿੰਘ, ਲੁਧਿਆਣਾ | 2100/- | ਐਚ -9238 | 05-05-2017 |
| 3. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218,<br>ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9239 | 05-05-2017 |
| 4. | ਸ. ਗੁਰਚਰਨ ਸਿੰਘ, ਸਾਬਕਾ ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-8922 | 05-05-2017 |
| 5. | ਬੀਬੀ ਚਰਨਜੀਤ ਕੌਰ<br>ਮਕਾਨ ਨੰ.-141, ਸੈਕਟਰ-11, ਪੰਚਕੂਲਾ<br>(ਆਪਣੇ ਲੜਕਿਆਂ ਦੇ ਵਿਆਹ ਦੇ ਮੌਕੇ ਤੇ) | 5100/- | ਐਚ-9241 | 13-05-2017 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9243 | 14-05-2017 |
| 7. | ਗੁਪਤ ਦਾਨ | 500/- | ਐਚ -9244 | 14-05-2017 |
| 8. | ਸ. ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਜ਼ੀਰਕਪੁਰ | 500/- | ਐਚ-9245 | 14-05-2017 |
| 9. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ-9246 | 14-05-2017 |
| 10. | ਸ. ਰਾਜਪਾਲ ਸਿੰਘ, ਮਨੀਮਾਜਰਾ | 250/- | ਐਚ-9247 | 14-05-2017 |
| 11. | ਸ. ਗੁਰਦੇਵ ਸਿੰਘ<br>ਮਕਾਨ ਨੰ.-122, ਸੈਕਟਰ-36 ਸੀ, ਚੰਡੀਗੜ੍ਹ | 500/- | ਐਚ -9248 | 14-05-2017 |
| 12. | ਸ੍ਰੀ ਰਿਕੀ<br>ਮਕਾਨ ਨੰ.-39, ਸੈਕਟਰ-16 ਏ, ਚੰਡੀਗੜ੍ਹ | 200/- | ਐਚ-9249 | 14-05-2017 |

| | | | | |
|---|---|---|---|---|
| 13. | ਸ. ਹਰਬੰਸ ਸਿੰਘ<br>ਸਾਬਕਾ ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-9250 | 14-05-2017 |
| 14. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218,<br>ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9251 | 14-05-2017 |
| 15. | ਸ. ਗੁਰਬਚਨ ਸਿੰਘ<br>ਸੈਕਟਰ-47, ਚੰਡੀਗੜ੍ਹ | 100/- | ਐਚ-9252 | 14-05-2017 |
| 16. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 500/- | ਐਚ-9253 | 14-05-2017 |
| 17. | ਸ. ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ.-416, ਸੈਕਟਰ-45 ਏ, ਚੰਡੀਗੜ੍ਹ | 100/- | ਐਚ -9254 | 14-05-2017 |
| 18. | ਸ. ਨਿਰਮਲ ਸਿੰਘ<br>ਮੇਨਟੇਨਸ ਸਕੱਤਰ,<br>ਮਕਾਨ ਨੰ.-2254, ਫੇਸ-10, ਮੋਹਾਲੀ | 200/- | ਐਚ -9255 | 14-05-2017 |
| 19. | ਸ. ਹਰਦਿਆਲ ਸਿੰਘ ਘੋਤੜਾ<br>ਵਿਤ ਸਕੱਤਰ,<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ -9256 | 14-05-2017 |
| 20. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-9257 | 14-05-2017 |
| 21. | ਸ. ਸੁਰਿੰਦਰ ਸਿੰਘ<br>ਮਕਾਨ ਨੰ.-527, ਫੇਸ-10, ਮੋਹਾਲੀ | 200/- | ਐਚ-9259 | 14-05-2017 |
| 22. | ਸ. ਅਮਰਜੀਤ ਸਿੰਘ<br>ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | 500/- | ਐਚ -9260 | 14-05-2017 |
| 23. | ਸ. ਇੰਦਰਜੀਤ ਸਿੰਘ<br>ਮਕਾਨ ਨੰ.-1756, ਸੈਕਟਰ-43, ਚੰਡੀਗੜ੍ਹ | 200/- | ਐਚ-9261 | 14-05-2017 |
| 24. | ਸ਼੍ਰੀ ਸੁਰੇਸ਼ ਸ਼ਰਮਾ, ਚੰਡੀਗੜ੍ਹ | 500/- | ਐਚ-9262 | 14-05-2017 |
| 25. | ਡਾ. ਕਮਲਜੀਤ ਸਿੰਘ, ਪਟਿਆਲਾ | 500/- | ਐਚ-9263 | 14-05-2017 |

| | | | | |
|---|---|---|---|---|
| 26. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 500/- | ਐਚ-9264 | 14-05-2017 |
| 27. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 200/- | ਐਚ-9265 | 14-05-2017 |
| 28. | ਸ. ਸੁਰਿੰਦਰ ਸਿੰਘ<br>ਮਕਾਨ ਨੰ.-3040,<br>ਸੈਕਟਰ-47 ਡੀ, ਚੰਡੀਗੜ੍ਹ | 200/- | ਐਚ-9266 | 14-05-2017 |
| 29. | ਸ. ਹਰਦੇਵ ਸਿੰਘ<br>ਮਕਾਨ ਨੰ.-1747, ਫੇਸ-7, ਮੋਹਾਲੀ | 200/- | ਐਚ-9267 | 14-05-2017 |
| 30. | ਸ. ਭੁਪਿੰਦਰ ਸਿੰਘ<br>ਮਕਾਨ ਨੰ.-3337, ਸੈਕਟਰ-51 ਡੀ, ਚੰਡੀਗੜ੍ਹ | 500/- | ਐਚ-9268 | 14-05-2017 |
| 31. | ਗੁਪਤ ਦਾਨ | 100/- | ਐਚ -9269 | 14-05-2017 |
| 32. | ਮੁਕੁਲ<br>ਮਕਾਨ ਨੰ.-652, ਸੈਕਟਰ-8 ਬੀ, ਚੰਡੀਗੜ੍ਹ | 200/- | ਐਚ -9270 | 14-05-2017 |
| 33. | ਸ. ਧਰਮਵੀਰ ਸਿੰਘ ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 200/- | ਐਚ -9271 | 14-05-2017 |
| 34. | ਸ. ਬਿਕਰਮਜੀਤ ਸਿੰਘ ਲੱਖਵਾਣੀ<br>ਮਕਾਨ ਨੰ.-689, ਸੈਕਟਰ-49 ਏ, ਚੰਡੀਗੜ੍ਹ | 2100/- | ਐਚ-4742 | 20-05-2017 |
| 35. | ਕਰਨਲ ਮੱਖਣ ਸਿੰਘ<br>ਮਕਾਨ ਨੰ.-2094, ਫੇਸ-7, ਮੋਹਾਲੀ | 2100/- | ਐਚ -9272 | 20-05-2017 |
| 36. | ਸ. ਬਿਕਰਮਜੀਤ ਸਿੰਘ ਲੱਖਵਾਨੀ<br>689, ਸੈਕਟਰ-49-ਏ | 2100/- | ਐਲ-4742 | 20-05-2017 |
| 37. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ -9273 | 21-05-2017 |
| 38. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ -9274 | 21-05-2017 |
| 39. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ 1, ਮੋਹਾਲੀ | 500/- | ਐਚ-9275 | 21-05-2017 |

| | | | | |
|---|---|---|---|---|
| 40. | ਸ. ਅਮਰਜੀਤ ਸਿੰਘ<br>ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | 500/- | ਐਚ-9276 | 21-05-2017 |
| 41. | ਅਮਰੀਕ ਸਿੰਘ<br>ਪਿੰਡ ਮਹਿੰਦੀਪੁਰ, ਅਬਦੁਲਪੁਰ, ਜ਼ਿਲ੍ਹਾ ਹੁਸ਼ਿਆਰਪੁਰ<br>(ਆਪਣੇ ਪਿਤਾ ਜੀ ਦੀ ਅੰਤਿਮ ਅਰਦਾਸ ਦੇ ਮੌਕੇ 'ਤੇ) | 2500/- | ਐਚ-9277 | 26-05-2017 |
| 42. | ਸ. ਬਲਵੰਤ ਸਿੰਘ, ਸ. ਨਿਰਮਲ ਸਿੰਘ<br>ਸ. ਉਂਕਾਰ ਸਿੰਘ ਅਤੇ ਸਵ. ਸ. ਕੁਲਦੀਪ ਸਿੰਘ<br>(ਆਪਣੇ ਪਿਤਾ ਜੀ ਦੀ ਅੰਤਿਮ ਅਰਦਾਸ ਦੇ ਮੌਕੇ 'ਤੇ) | 5000/- | ਐਚ-9278 | 27-05-2017 |
| 43. | ਸ. ਜਗੀਰ ਸਿੰਘ<br>4624 ਪ੍ਰੇਮ ਨਗਰ, ਨੇੜੇ ਬੱਸ ਸਟੈਂਡ<br>ਸਮਰਾਲਾ, ਲੁਧਿਆਣਾ | 1100/- | ਐਚ-9279 | 31-05-2017 |

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340**

**E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



# MATRIMONIA



Suitable match for Lobana Sikh Girl Born on August 1990, Height-5'6", M.B.A., fair colour, Business Family, Required well settled boy of equal status family. Contact: - 98883-04699

* * * * *

Suitable match for Lobana Sikh Boy Born on 26 August 1991, Height-6', P.R. in Canada and doing job in Canada, required good looking educated girl in Tricity Prteffered. Contact: - 094161-79828, 094675-31363

* * * * *

Suitable match for Lobana Sikh Girl Born on 4 January 1993, Height-5'5", doing job in P.G.I as Junior Nursing Officer, required Handsome boy in Government or Private Sector Service. Tricity Prteffered. Contact: - 094161-79828, 094675-31363

* * * * *

Suitable match for Lobana Sikh Boy Born on August 1989, Height-6', B.Tech C.S., doing job in Pune from Distt-Hoshiarpur. Contact: - 01883-249252, 89685-83352

* * * * *

ਲੁਬਾਣਾ ਗੁਰਸਿੱਖ ਡਾ. ਲੜਕਾ MDS (Last Year) Endo ਜਨਮ ਮਿਤੀ 10-12-1990, ਕੱਦ 5'×10" ਮਾਤਾ ਪਿਤਾ ਸਰਕਾਰੀ ਨੌਕਰੀ, ਸਲਾਨਾ ਆਮਦਨ 15 ਲੱਖ ਲਈ ਗੁਰਸਿੱਖ ਲੜਕੀ ਦੀ ਲੋੜ ਹੈ ਜੋ ਐਮ.ਡੀ.ਐਸ./ਐਮ.ਬੀ.ਬੀ.ਐਸ./ਸਰਕਾਰੀ ਲੈਕਚਰਾਰ ਹੋਵੇ।ਸੰਪਰਕ ਨੰਬਰ- 98157-10789



# MATRIMONIA



Suitable Qualified match for employed PhD girl born on May 1986, Height 5’2/1/2” required well settled boy. Contact: - 093550-84781, 094638-03824

* * * * *

Suitable Qualified match for Army Captian boy, born on July 1989, Height 5’9”, required well settled girl. Contact: - 093550-84781, 094638-03824

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਬੰਜਰ ਕੱਲਰ ਤੇ ਛੰਬ ਵਸਾਉਣ ਵਾਲੀ
ਬੈਠੀ ਜਾਤ ਇਹ ਹੈ ਬਾਬਾ ਪ੍ਰੇਮ ਸਿੰਘ ਦੀ
ਬੇਟ ਬਦਲ ਦਿੱਤੀ ਸਵਰਗਪੁਰੀ ਅੰਦਰ
ਕਿਆ ਬਾਤ ਹੈ ਬਾਬਾ ਪ੍ਰੇਮ ਸਿੰਘ ਦੀ।

ਦਰਸ਼ਨ ਸਿੰਘ ‘ਸਾਜਨ’

# Achievements!



Lieutenant General Harpal Singh, 61st Course National Defence Academy, was commissioned into the Corps of Engineers on 24 Dec. 1982.

During his 35 years of distinguished career, the General Harpal Singh held several prestigious command assignments which include command of Border Road Task Force in J&K, Chief Engineer Project Dantak in Bhutan and Chief Engineer (Navy) Mumbai and Chief Engineer, Eastern Command. He has served on various key appointments in the Indian Army including the prestigious appointment of Additional Military Secretary at Army HQ.

An Alumni of DSSC Wellington and College of Defence Management and National Defence College Lt. Gen. Harpal Singh is a double post graduate in Civil Engineering as well as Intelligent Transportation System from Virginia Tech University, USA. He has been awarded the Vishist Seva Medal in 2010 and Ati Vishist Seva Medal in 2017.

The General Harpal Singh is son of Col. Piara Singh of Jalandhar and is married to Mrs. Kamaljeet Kaur daughter of Sh. Sardara Singh Lubana, Chief Engineer (Retd.) and a senior most member of the Lubana Foundation Chandigarh. His son, Paramveer Singh who graduated as a Computer Engineer from University of Michigan, USA is currently working as Engineer at New York. His daughter, Ranveet Kaur, a Senior System Engineer is married to Karanbir Singh son of Dr. Balbir Singh Multani. They are blessed with a grandson.

It is a matter of pride for the Lubana community.

Baba Makhan Shah Lubana Foundation Chandigarh congratulates Lieutenant General Harpal Singh & his family on his such achievements and extends warm wishes for a successful future and prosperity to whole of family.

**by**

**Col. Harbhajan Singh Multani (Retd.)**

**Brother-in-law of General Harpal Singh**

Regd No. 32212/78 Postal No.-- CHD/0111/2015-17



ਸ. ਇੰਦਰਜੀਤ ਸਿੰਘ ਏ.ਸੀ. ਮਕੈਨਿਕ ਤੇ ਇਲੈਕਟ੍ਰੀਸ਼ਨ ਨੂੰ ਵਿਦੇਸ਼ ਵਿਚ ਨੌਕਰੀ ਮਿਲਣ ਉਪਰੰਤ ਵਿਦਾਇਗੀ ਪਾਰਟੀ ਦਿੰਦੇ ਹੋਏ ਫਾਊਂਡੇਸ਼ਨ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਸੀਨੀਅਰ ਮੈਂਬਰ ਸਾਹਿਬਾਨ।



ਸ. ਧਰਮਵੀਰ ਸਿੰਘ ਕੇਅਰ ਟੇਕਰ ਨੂੰ ਵਿਦਾਇਗੀ ਪਾਰਟੀ ਦਿੰਦੇ ਹੋਏ ਫਾਊਂਡੇਸ਼ਨ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਸੀਨੀਅਰ ਮੈਂਬਰ ਸਾਹਿਬਾਨ।